# ਕੈਨੇਡੀਅਨ ਪੰਜਾਬੀ ਪੋਸਟ

Award winning newspaper | Canadian Punjabi Post

Vol 19*Issue 112 | Monday, June 15, 2020 | Tel: 905-793-2202 | Fax: 905-793-2282 | news@punjabipost.ca

To view our online newspaper visit punjabipost.ca/epaper | THE ONLY DAILY PUNJABI NEWSPAPER | ਹੁਣ ਤੁਸੀਂ 'ਪੰਜਾਬੀ ਪੋਸਟ' Online ਰੋਜ਼ਾਨਾ ਪੜ੍ਹ ਸਕਦੇ ਹੋ



Fair Advice Financial | Care Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to $90,000 in government bonds & grants.
Contact : 647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6



JOSHI LAW OFFICE
Barrister, Solicitor & Notary Public
Immigration
Real Estate
Commercial Law
Affidavit
Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON


# ਨਸਲਵਾਦ ਵਿਰੋਧੀ ਰੋਸ ਪ੍ਰਗਟਾਵਿਆਂ ਦੌਰਾਨ ਲੰਡਨ ਵਿਚ ਦੋ ਧਿਰਾਂ ਵਿਚਾਲੇ ਹਿੰਸਕ ਝੜਪਾਂ

*** ਪ੍ਰਦਰਸ਼ਨਾਂ ਦੇ ਦੌਰਾਨ 100 ਤੋਂ ਵੱਧ ਲੋਕ ਗ੍ਰਿਫਤਾਰ**



ਲੰਡਨ, 14 ਜੂਨ, (ਪੋਸਟ ਬਿਊਰੋ)- ਬ੍ਰਿਟੇਨ ਦੀ ਰਾਜਧਾਨੀ ਲੰਡਨ ਦੇ ਟਰਾਫਾਲਗਰ ਸਕੇਅਰ ਵਿਖੇ ਅੱਜ ਸ਼ਨੀਵਾਰ ਇੱਕ ਸੱਜੇ-ਪੱਖੀ ਰੈਲੀ ਦੌਰਾਨ ਤਕਰੀਬਨ ਇੱਕ ਸੌ ਤੋਂ ਵੱਧ ਲੋਕਾਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ, ਜਿੱਥੇ ਪ੍ਰਦਰਸ਼ਨ ਕਰਦੇ ਲੋਕਾਂ ਨੇ ਪੁਲਸ ਅਤੇ ਨਸਲਵਾਦ ਵਿਰੋਧੀ ਪ੍ਰਦਰਸ਼ਨ ਕਰਨ ਵਾਲਿਆਂ ਉੱਤੇ ਹਮਲਾ ਕਰ ਦਿੱਤਾ ਗਿਆ ਸੀ।

ਅਸਲ ਵਿੱਚ ਇਸ ਦੇਸ਼ ਦੇ ਸਾਬਕਾ ਪ੍ਰਧਾਨ ਮੰਤਰੀ ਵਿੰਸਟਨ ਚਰਚਿਲ ਦਾ ਬੁੱਤ ਅਤੇ ਬ੍ਰਿਸਟਲ ਵਿੱਚ ਗੁਲਾਮਾਂ ਦੇ ਵਪਾਰੀ ਰਹਿ ਚੁੱਕੇ ਐਡਵਰਡ ਕੋਲ-ਸਟਨ ਦੀ ਮੂਰਤੀ ਤੋੜੇ ਜਾਣ ਪਿੱਛੋਂ ਸੱਜੇ ਪੱਖੀ ਧਿਰ ਦੇ ਲੋਕਾਂ, ਫੁੱਟਬਾਲ ਦੇ ਪ੍ਰਸ਼ੰਸਕਾਂ, ਬਜ਼ੁਰਗਾਂ ਅਤੇ ਹੋਰ ਕਈ ਗਰੁੱਪਾਂ ਨੇ ਏਥੇ ਨਸਲਵਾਦ ਵਿਰੋਧੀ ਪ੍ਰਦਰਸ਼ਨਾਂ ਤੋਂ ਯਾਦਗਾਰਾਂ ਨੂੰ ਬਚਾਉਣ ਵਾਸਤੇ ਲਾਮਬੰਦ ਕਰਨੀ ਸ਼ੁਰੂ ਕਰ ਦਿੱਤੀ ਸੀ। ਇਸ ਦੌਰਾਨ ਨਸਲਵਾਦ ਦੇ ਵਿਰੋਧ ਦੀ ਮੁਹਿੰਮ 'ਬਲੈਕ ਲਾਈਵਜ਼ ਮੈਟਰ' (ਬੀ ਐਲ ਐਮ) ਵਾਲੇ ਲੋਕਾਂ ਤੇ ਫੁੱਟਬਾਲ ਸਮਰਥਕਾਂ ਵਿਚਾਲੇ ਝੜਪਾਂ ਦੇ ਡਰ ਕਾਰਨ ਸ਼ਾਮ 5 ਵਜੇ ਕਰਫਿਊ ਲਾ ਦਿੱਤਾ ਗਿਆ ਸੀ। ਫਿਰ ਵੀ ਕੁਝ ਲੋਕ ਨਸਲਵਾਦ ਅਤੇ ਪੁਲਸ ਦੀ ਬੇਰਹਿਮੀ ਦੇ ਵਿਰੋਧ ਵਿੱਚ ਟ੍ਰੈਫਲਗਰ ਚੌਕ ਵਿੱਚ ਸ਼ਾਂਤਮਈ ਢੰਗ ਨਾਲ ਇਕੱਠੇ ਹੋ ਗਏ। ਦੁਪਹਿਰ ਤੱਕ ਦੋਵਾਂ ਧਿਰਾਂ ਵਿਚਾਲੇ ਹਿੰਸਕ ਝੜਪਾਂ ਦੀਆਂ ਖਬਰਾਂ ਆਉਣ ਮਗਰੋਂ ਪੁਲਸ ਨੇ ਨਸਲਵਾਦ ਵਿਰੋਧੀ ਰੋਸ ਕਰਨ ਵਾਲਿਆਂ ਅਤੇ ਦੂਜੇ ਗਰੁੱਪ ਨੂੰ ਇਕ ਦੂਜੇ ਤੋਂ ਵੱਖ ਕਰਨ ਦਾ ਯਤਨ ਕੀਤਾ। ਇਸ ਦੌਰਾਨ ਵਾਟਰਲੂ ਸਟੇਸ਼ਨ ਵਿਖੇ ਹੋਈ ਟੱਕਰ ਵਿਚ ਕਈ ਲੋਕਾਂ ਦੇ ਜ਼ਖਮੀ ਹੋਣ ਦੀਆਂ ਖਬਰਾਂ ਹਨ।

ਲੰਡਨ ਦੇ ਪਾਰਲੀਮੈਂਟ ਸਕੁਏਅਰ ਵਿੱਚ ਸ਼ਾਮ 5 ਵਜੇ ਤੋਂ ਬਾਅਦ ਕੁਝ ਫੜੇ ਹੋਏ ਲੋਕ ਛੱਡ ਦਿੱਤੇ ਗਏ ਤੇ ਪੁਲਸ ਦੀ ਬਹੁਤੀ ਫੋਰਸ ਪਿੱਛੇ ਹਟਾ ਦਿੱਤੀ ਗਈ ਸੀ। ਪ੍ਰਦਰਸ਼ਨ ਕਰਦੇ ਲੋਕਾਂ ਨੂੰ ਟਰਾਫਲਗਰ ਸਕੇਅਰ ਤੋਂ ਹਟਾਉਣ ਮਗਰੋਂ ਭੀੜ ਜਦੋਂ ਵਾਟਰਲੂ ਸਟੇਸ਼ਨ ਵੱਲ ਗਈ ਤਾਂ ਓਥੇ ਭੇੜ ਸ਼ੁਰੂ ਹੋ ਗਿਆ ਅਤੇ ਏਥੇ ਦੋਵਾਂ ਧਿਰਾਂ ਵਿੱਚ ਵੰਡੇ ਹੋਏ ਲੋਕ ਕਾਬੂ ਵਿੱਚ ਨਹੀਂ ਰਹਿ ਸਕੇ। ਪੁਲਸ ਕਮਾਂਡਰ ਨੇ ਇਸ ਮੌਕੇ ਚਿਤਾਵਨੀ ਦਿੱਤੀ ਕਿ ਸ਼ਾਮ ਨੂੰ 5 ਵਜੇ ਤੋਂ ਬਾਅਦ ਵੱਡੇ ਗਰੁੱਪਾਂ ਵਿੱਚ ਇਕੱਠੇ ਹੋਣ ਵਾਲੇ ਲੋਕਾਂ ਨੂੰ ਪੁਲਸ ਗ੍ਰਿਫਤਾਰ ਕਰ ਸਕਦੀ ਹੈ।

## ਬਰੈਂਪਟਨ ਟਰਾਂਜ਼ਿਟ ਆਪਣੇ ਰਾਈਡਰਜ਼ ਨੂੰ ਵੰਡੇਗੀ ਇੱਕ ਲੱਖ ਮਾਸਕਸ



ਬਰੈਂਪਟਨ, 14 ਜੂਨ (ਪੋਸਟ ਬਿਊਰੋ) : ਮੇਅਰ ਪੈਟ੍ਰਿਕ ਬ੍ਰਾਊਨ ਵੱਲੋਂ ਕਾਊਂਸਲ ਦੇ ਪੱਖ ਉੱਤੇ ਇਹ ਐਲਾਨ ਕੀਤਾ ਗਿਆ ਹੈ ਕਿ ਬਰੈਂਪਟਨ ਟਰਾਂਜ਼ਿਟ 22 ਜੂਨ ਨੂੰ ਸ਼ੁਰੂ ਹੋਣ ਜਾ ਰਹੇ ਹਫਤੇ ਵਿੱਚ ਆਪਣੇ ਰਾਈਡਰਜ਼ ਨੂੰ 100,000 ਨੌਨ ਮੈਡੀਕਲ ਮਾਸਕਸ ਵੰਡੇਗੀ। ਇਹ ਮਾਸਕਸ ਉਦੋਂ ਤੱਕ ਵੰਡੇ ਜਾਣਗੇ ਜਦੋਂ ਤੱਕ ਇਨ੍ਹਾਂ ਦੀ ਸਪਲਾਈ ਬਣੀ ਰਹੇਗੀ। ਇਹ ਸਿਟੀ ਆਫ ਬਰੈਂਪਟਨ ਵੱਲੋਂ ਰੀਓਪਨਿੰਗ ਤੇ ਰਿਕਵਰੀ ਪਲੈਨ ਤਹਿਤ ਚੁੱਕਿਆ ਜਾਣ ਵਾਲਾ ਪਹਿਲਾ ਕਦਮ ਹੈ।

ਇਹ ਨੌਨ ਮੈਡੀਕਲ ਮਾਸਕਸ ਬਰੈਂਪਟਨ ਟਰਾਂਜ਼ਿਟ ਦੇ ਬ੍ਰਾਮੇਲੀਆ, ਬਰੈਂਪਟਨ ਗੇਟਵੇਅ ਤੇ ਡਾਊਨਟਾਊਨ ਟਰਮੀਨਲਜ਼ ਉੱਤੇ ਵੰਡੇ ਜਾਣਗੇ। ਇਸ ਸਬੰਧੀ ਹੋਰ ਵੇਰਵੇ ਆਉਣ ਵਾਲੇ ਹਫਤਿਆਂ ਵਿੱਚ ਐਲਾਨੇ ਜਾਣਗੇ।

...ਬਾਕੀ ਪੰਨਾ 3 'ਤੇ


## ਘਾਤਕ ਪੁਲਿਸ ਸੂਟਿੰਗ ਤੋਂ ਬਾਅਦ ਐਟਲਾਂਟਾ ਦੀ ਪੁਲਿਸ ਚੀਫ ਨੇ ਦਿੱਤਾ ਅਸਤੀਫਾ



ਐਟਲਾਂਟਾ, 14 ਜੂਨ (ਪੋਸਟ ਬਿਊਰੋ) : ਸੋਫੀ ਹੋਣ ਦੇ ਟੈਸਟ ਵਿੱਚ ਅਸਫਲ ਰਹਿਣ ਤੋਂ ਬਾਅਦ ਗ੍ਰਿਫਤਾਰ ਕਰਨ ਦੀ ਕੋਸ਼ਿਸ਼ ਦੌਰਾਨ ਪੁਲਿਸ ਵੱਲੋਂ ਚਲਾਈ ਗੋਲੀ ਕਾਰਨ ਸਿਆਹ ਨਸਲ ਦੇ ਇੱਕ ਹੋਰ ਵਿਅਕਤੀ ਦੀ ਜਾਨ ਚਲੀ ਗਈ। ਇਸ ਘਟਨਾ ਤੋਂ ਕਈ ਘੰਟੇ ਬਾਅਦ ਸ਼ਨਿੱਚਰਵਾਰ ਨੂੰ ਐਟਲਾਂਟਾ ਦੀ ਪੁਲਿਸ ਚੀਫ ਨੇ ਅਸਤੀਫਾ ਦੇ ਦਿੱਤਾ।

ਅਧਿਕਾਰੀਆਂ ਨੇ ਦੱਸਿਆ ਕਿ ਜਦੋਂ ਇਸ ਵਿਅਕਤੀ ਨੂੰ ਗ੍ਰਿਫਤਾਰ ਕਰਨ ਦੀ ਕੋਸ਼ਿਸ਼ ਕੀਤੀ ਗਈ ਤਾਂ ਉਸ ਨੇ ਖੁਦ ਨੂੰ ਛੁਡਾਉਣ ਲਈ ਆਪਣੀ ਤਾਕਤ ਦੀ ਵਰਤੋਂ ਕੀਤੀ ਤੇ ਫਿਰ ਪੁਲਿਸ ਅਧਿਕਾਰੀ ਦੇ ਟੇਜ਼ਰ ਨੂੰ ਫੜ੍ਹ ਲਿਆ। ਜਦੋਂ ਉਸ ਨੂੰ ਗੋਲੀ ਮਾਰੀ ਗਈ ਤਾਂ ਉਹ ਮੌਕੇ ਤੋਂ ਭੱਜਣ ਦੀ ਕੋਸ਼ਿਸ਼ ਕਰ ਰਿਹਾ ਸੀ। ...ਬਾਕੀ ਪੰਨਾ 3 'ਤੇ

# ਅਦਾਕਾਰ ਸੁਸ਼ਾਂਤ ਸਿੰਘ ਰਾਜਪੂਤ ਨੇ ਖੁਦਕੁਸ਼ੀ ਕਰ ਲਈ



ਮੁੰਬਈ, 14 ਜੂਨ, (ਪੋਸਟ ਬਿਊਰੋ)- ਪ੍ਰਸਿੱਧ ਅਦਾਕਾਰ ਸੁਸ਼ਾਂਤ ਸਿੰਘ ਰਾਜਪੂਤ ਨੇ ਖੁਦਕੁਸ਼ੀ ਕਰ ਲਈ ਹੈ। ਉਸ ਨੇ ਆਪਣੇ ਫਲੈਟ ਵਿੱਚ ਹੀ ਖ਼ੁਦਕੁਸ਼ੀ ਕੀਤੀ ਹੈ। ਸੁਸ਼ਾਂਤ ਦੇ ਨੌਕਰ ਨੇ ਫੋਨ ਕਰਕੇ ਪੁਲਿਸ ਨੂੰ ਇਸ ਬਾਰੇ ਜਾਣਕਾਰੀ ਦਿੱਤੀ। ਉਨ੍ਹਾਂ ਨੇ ਬਾਂਦਰਾ ਵਿਚਲੇ ਆਪਣੇ ਘਰ ਵਿੱਚ ਫਾਹਾ ਲੈ ਕੇ ਖ਼ੁਦਕੁਸ਼ੀ ਕੀਤੀ ਹੈ। ਵਰਨਣ ਯੋਗ ਹੈ ਕਿ 34 ਸਾਲਾਂ ਸੁਸ਼ਾਂਤ ਸਿੰਘ ਰਾਜਪੂਤ ਨੇ ਪੋਚੇ, ਰਾਬਤਾ ਤੇ ਕੇਦਾਰਨਾਥ ਵਰਗੀਆਂ ਫ਼ਿਲਮ ਵਿੱਚ ਕੰਮ ਕੀਤਾ ਸੀ। ਉਸ ਨੇ ਸਾਬਕਾ ਭਾਰਤੀ ਕ੍ਰਿਕਟਰ ਮਹਿੰਦਰ ਸਿੰਘ ਧੋਨੀ ਦੀ ਬਾਇਓਪਿਕ ਵਿੱਚ ਵੀ ਧੋਨੀ ਦੀ ਭੂਮਿਕਾ ਨਿਭਾਈ ਸੀ। ਪਿੱਛੇ ਜਿਹੇ ਰਿਲੀਜ਼ ਹੋਈ ਫਿਲਮ 'ਛਿਛੋਰੇ' ਵਿੱਚ ਉਸ ਦੇ ਕੰਮ ਦੀ ਦਰਸ਼ਕਾਂ ਨੇ ਖੂਬ ਤਾਰੀਫ ਕੀਤੀ ਸੀ।

ਕੁਝ ਦਿਨ ਪਹਿਲਾਂ ਸੁਸ਼ਾਂਤ ਸਿੰਘ ਰਾਜਪੂਤ ਦੀ ਸਾਬਕਾ ਮੈਨੇਜਰ ਦਿਸ਼ਾ ਸਲਿਆਨ ਨੇ ਮੁੰਬਈ ਦੇ ਮਲਾਡ ਵਿਚਲੇ ਮਾਲਵਾਨੀ ਖੇਤਰ ਦੀ ਇੱਕ ਇਮਾਰਤ ਦੀ 14ਵੀਂ ਮੰਜ਼ਲ ਤੋਂ ਛਾਲ ਮਾਰ ਕੇ ਖੁਦਕੁਸ਼ੀ ਕਰ ਲਈ ਸੀ। ਦਿਸ਼ਾ ਸਲਿਆਨ ਨੇ ਮਾਲਵਾਨੀ ਦੇ ਜਨ ਕਲਿਆਣ ਨਗਰ ਵਿੱਚ ਜਿਸ ਇਮਾਰਤ ਦੇ ਫਲੈਟ ਤੋਂ ਛਾਲ ਮਾਰ ਕੇ ਖੁਦਕੁਸ਼ੀ ਕੀਤੀ ਸੀ, ਓਥੇ ਉਸ ਦੇ ਮੰਗੇਤਰ ਅਦਾਕਾਰ ਤੇ ਮਾਡਲ ਰੋਹਨ ਰਾਏ ਦਾ ਘਰ ਸੀ।


Best Insurance Rates
Auto - Home - Business
Dir: 647-400-2949
ਕਾਰ ਅਤੇ ਘਰ ਦੀ ਇੰਸ਼ੋਰੈਂਸ ਲਈ ਘੱਟ ਰੇਟ
Discounts upto 35% on Auto & Home
Amanpreet S. Batth
Address: 1550 South Gateway Rd. Suite 220 Mississauga, ON L4W 5G6

NOW HIRING !!! ALLKIND INSURANCE
Life Insurance | Super Visa Insurance
Critical illness Ins | Mortgage Insurance
Travel & Visitor Ins | Disability Insurance
RESP & TFSA & RRSP | Funeral Insurance
SIMRAN SAINI 416.994.7272
www.allkindinsurance.com

INSURANCE
Home | Auto
Business | Trucking
Life Insurance | Commercial
647-206-2452 Sukhwinder K Singh
CONNEX 7050A Bramalea Rd, Unit # 13, Mississauga, ON L5S 1T1

AUTO & HOME INSURANCE
Super visa Insurance
Life & Disability
Critical illness
RESP
Visitor & Travel insurance
(416-845-1352) Manwinder Mangat
Axael InsuranceBrokers Ltd. 1332 Khalsa Dr, Unit # 11, Mississauga, ON L5S 0A2

HELPING YOU PLAN TODAY...FOR TOMORROW
Supervisa / Visitor Insurance
Life /Mortgage/Funeral Insurance
Disability Insurance
Critical Illness Insurance
RESP /RRSP
www.ufsinsurance.com
JATINDERBIR S BAJWA Insurance Broker
Dir: 647-928-4990
# 25-831 Bovaird Dr. W. Brampton, ON L6X0T9 | www.ufsinsurance.com

Canada Consumer Credit Assistance | ਕਰਜ਼ਾ ਰਹਿਤ ਜਿੰਦਗੀ ਜੀਓ
ਪਾਵਰ ਆਫ ਸੇਲ ਨੋਟਿਸ ?
ਗਾਰਨਿਸ਼ਮੈਂਟ?
ਬੈਂਕ ਵਲੋਂ ਪੈਸੇ ਦੀ ਮੰਗ ?
ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
ਕਰਜ਼ੇ ਦੀ ਸਿਰਦਰਦੀ ?
Late Evening and Weekends Appointments Available | 1888 864 3131
Jasbir Singh Hundal Qualified Credit Counsellor
www.MakeMeDebtFree.ca | 416-502-3100 | Unit #20 - 7015 Tranmere Drive Mississauga, ON L5S 1T7

HSBA Tax Services
20% Discount For Students, New Immigrants and Senior Citizens
Personal / Corporation Tax
Accounting / Bookkeeping
Business Registrations
HST/WSIB/Payroll
Financial Statements/Audits
Mortgages and Loans
647-720-5278
PRABHJOT KAUR (Sr. Accountant, M.B.A)
77-100 Maritime Ontario Blvd.,Brampton, ON L6S 0E7

GOEL TRAVEL
Low Rates Best Service
ਸਸਤੀਆਂ ਹਵਾਈ ਟਿਕਟਾਂ ਅਤੇ ਵਧੀਆ ਸਰਵਿਸ ਲਈ ਇੱਕ ਵਾਰੀ ਕਾਲ ਜਰੂਰ ਕਰੋ
ਗੋਇਲ ਟਰੈਵਲ
Tico # 50021780
905.796.0000
900 Raylawson Blvd. Unit # 6, Brampton

Mortgage! We Will Beat Any Rate !!!
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre | AvonFinancial Inc. Brokerage Lic. 12538
Cell: 416-841-4218 Tel: 905-216-5563
Harpreet Singh Goraya Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

DHINDSA LAW
Barrister, Solicitor & Notary Public
Criminal and Family Law
Immigration
Real Estate
Wills, Affidavits & Notarizations
Special Discount For Student & Senior Citizens
NAVDEEP DHINDSA B-Tech/ LLB
LOCATIONS: 10510 Torbram Rd Unit-J1, Brampton L6R 3N9 (Torbram & Sandalwood) | 330 Highway 7 E, Suite 309, Richmond Hill- L4B 3P8
Call: 437 998 1429

Law Office of Aman Sharma
Real Estate - Commercial Lease
Business Purchase & Sale
Notarizations & Affidavits
Wills & Power Of Attorney
Fax: 905-913-2334 Tel: 905-913-2355
25 Cherrycrest Drive, Unit # 6 Brampton, ON, L6P 3W4
Aman Sharma Open Saturday
Providing excellent quality legal services to our clients

ਨਵਾਂ ਘਾਹ ਲਵਾਉ
647-784-1213
www.aaalandscaping.ca
1 ਪੁਰਾਣਾ ਘਾਹ ਹਟਾਉ ਅਤੇ ਨਵਾਂ ਲਵਾਉ
2 ਏਰੀਆ ਨੂੰ ਲੇਵਲ ਕਰਨਾ ਅਤੇ ਮਿੱਟੀ ਰਲਾਉਣੀ
3 ਨਵਾਂ ਘਾਹ ਲਵਾਉ
4 ਆਪਣੇ ਨਵੇਂ ਅਤੇ ਸੋਹਣੇ ਘਾਹ ਨੂੰ ਦੇਖੋ

CN Forklift Training Center
Counterbalance All Types | Walkie pallet Low Lift | Electric Motor Narrow Aisle Reach | Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan Certified Instructor

PROTECT YOUR HOME FROM PESTS
Pest Control
Low Rates/Excellent Pest Control Services
100% Success rate for bed bug Treatment
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

Super Visa Insurance
Visitor Visa Insurance
Travel Insurance
Student Insurance
New Immigrant 90 Days Med. Insurance
Punjab Insurance Inc
www.punjabinsurance.com
Sherjang Singh Rana 416.910.9000 rana@punjabinsurance.ca
10-7003 Steeles Ave. West, Etobicoke, ON M9W 0A2
Harpreet Rana 416.871.3571 harpreetrana@punjabinsurance.ca

SEHMBI RENOVATIONS
ਰੈਨੋਵੇਸ਼ਨ ਦੇ ਕਿਸੇ ਵੀ ਕੰਮ ਲਈ ਸਾਡੀਆਂ ਪਰੋਫੈਸ਼ਨਲ ਤੇ ਭਰੋਸੇਯੋਗ ਸੇਵਾਵਾਂ ਦਾ ਲਾਭ ਉਠਾਓ
Custom Kitchen Cabinets | Completly Furnished
Legal Basement | Painting & Flooring
ਵਾਜਿਬ ਕੀਮਤ ਤੇ ਸਮੇਂ ਸਿਰ ਕੰਮ
Jaswant Sehmbi: 647.524.0885

KELLEY LAW OFFICE
Immigration | Real Estate
Family Law | Business Closing
Corporate | Wills & Estate
Power of Attorney/Affidavit /Attestations
www.kelleylawoffice.ca | info@kelleylawoffice.ca
ਇੱਥੇ ਹਰ ਤਰ੍ਹਾਂ ਦੇ ਇਮੀਗ੍ਰੇਸ਼ਨ, ਰੀਅਲ ਅਸਟੇਟ, ਬਿਜਨਸ ਲਾਅ, ਕੋਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟੋਰਨੀ, ਰਾਹਦਾਰੀ ਅਤੇ ਹੋਰ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ।
1200 Derry Road E, #15, Mississauga, ON L5T 0B3
Shinder Kelley Barrister, Solicitor & Notary Public
905-362-0755

PEST PROBLEM ?
Residential & Commercial
All Pest Control
MICE, COCKROACH, BEDBUG & ALL COMMON BUGS
AFFORDABLE & RELIABLE
100% Customer Satisfaction
647.990.3205
KSG Pest Control Inc.
Residential, Commercial
www.ksgpestcontrol.ca | ksgpestcontrol@gmail.com
Amarjeet Singh Gill Certified & Licenced Exterminator

MANN LAW FIRM
Real Estate Law | Business Law
Wills & Estates | Family Law
Power of Attorney | Civil Litigation
Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca

Royal Pest Control
Residential Commercial Industrial
Specialist in Bedbugs Service
All Pest Control :
Mouse & Rats | Spiders & Fleas | Bedbugs | Wasps
Cockroaches | Carpenter Ants | Silver Fish | Racoons
Call : PARESH PATEL (Government Approved Licensed Technician)
416 938 4598







**FRESH & LARGE VARIETY**

**Bread , Derry & Eggs**
**Branded Foods**
**Fruits & Vegetables**
**Beverages & Confectionery**
**Grocery & Staples**
**Sweet & Samosas**

**SERVING FROM ALL LOCATIONS IN GTA AREA:**

10 Westmore Drive
Etobicoke ON M9V-3Z7
416-740-3262

21 Lacoste Blvd,
Brampton, ON L6P 2K2
905 794-8109

621 Wanless drive, # 122
Brampton ON L7A 0A9
905-495-3336

1075 Ceremonial Drive
Mississauga ON L5R 2Z4
905-502-1600

80 Pertosa Drive
Brampton ON L5X-5E9
905-460-0009

10510 Torbram Road,
Brampton
905-790-0030

2120 North park Drive
Brampton ON L6S 0C9
905-793-1338

10 Pannahill Dr,
Brampton
905 913-8017

# ਕੀਲ ਤੇ ਐਗਲਿੰਟਨ ਨੇੜੇ ਹੋਏ ਹਾਦਸੇ ਵਿੱਚ ਪੰਜ ਜ਼ਖ਼ਮੀ

ਟੋਰਾਂਟੋ, 14 ਜੂਨ (ਪੋਸਟ ਬਿਊਰੋ) : ਸ਼ਨਿੱਚਰਵਾਰ ਸ਼ਾਮ ਨੂੰ ਕੀਲ ਸਟਰੀਟ ਤੇ ਐਗਲਿੰਟਨ ਐਵਨਿਊ ਵੈਸਟ ਨੇੜੇ ਹੋਏ ਹਾਦਸੇ ਵਿੱਚ ਪੰਜ ਵਿਅਕਤੀ ਜ਼ਖ਼ਮੀ ਹੋ ਗਏ। ਟੋਰਾਂਟੋ ਪੁਲਿਸ ਵੱਲੋਂ ਦਿੱਤੀ ਗਈ ਜਾਣਕਾਰੀ ਅਨੁਸਾਰ ਉਨ੍ਹਾਂ ਨੂੰ 8:15 ਉੱਤੇ ਇਸ ਹਾਦਸੇ ਬਾਰੇ ਪਤਾ ਚੱਲਿਆ। ਇਹ ਹਾਦਸਾ ਇੱਕ ਲਾਲ ਰੰਗ ਦੀ ਐਸਯੂਵੀ ਤੇ ਕਾਲੇ ਰੰਗ ਦੀ ਚਾਰ ਦਰਵਾਜ਼ਿਆਂ ਵਾਲੀ ਮਾਜ਼ਦਾ ਸੇਡਾਨ ਦਰਮਿਆਨ ਹੋਈ ਟੱਕਰ ਕਾਰਨ




ਵਾਪਰਿਆ। ਉਨ੍ਹਾਂ ਨੂੰ ਕੀਲ ਸਟਰੀਟ ਤੇ ਰੌਦਰਹੈਮ ਐਵਨਿਊ ਦੇ ਲਾਂਘੇ ਉੱਤੇ ਇੱਕ ਪੈਦਲ ਜਾ ਰਹੇ ਵਿਅਕਤੀ ਦੇ ਇਨ੍ਹਾਂ ਗੱਡੀਆਂ ਦੀ ਚਪੇਟ ਵਿੱਚ ਆਉਣ ਬਾਰੇ ਸੂਚਨਾ ਦਿੱਤੀ ਗਈ। ਜਦੋਂ ਐਮਰਜੰਸੀ ਅਮਲਾ ਮੌਕੇ ਉੱਤੇ ਪਹੁੰਚਿਆ ਤਾਂ ਪੰਜ ਵਿਅਕਤੀ ਜ਼ਖ਼ਮੀ ਹਾਲਤ ਵਿੱਚ ਮਿਲੇ।

ਪੁਲਿਸ ਨੇ ਆਖਿਆ ਕਿ ਇਸ ਮਹਿਲਾ ਦੇ ਗੱਡੀਆਂ ਦੇ ਥੱਲੇ ਫਸੇ ਹੋਣ ਦੀ ਵੀ ਰਿਪੋਰਟ ਸੀ। ਟੋਰਾਂਟੋ ਈਐਮਐਸ ਨੇ ਦੱਸਿਆ ਕਿ ਉਨ੍ਹਾਂ ਵੱਲੋਂ ਪੰਜ ਵਿਅਕਤੀਆਂ ਨੂੰ ਹਸਪਤਾਲ ਪਹੁੰਚਾਇਆ ਗਿਆ। 60 ਸਾਲਾਂ ਦੀ ਮਹਿਲਾ ਦੀ ਹਾਲਤ ਨਾਜ਼ੁਕ ਦੱਸੀ ਜਾਂਦੀ ਹੈ। ਇੱਕ ਡਰਾਈਵਰ ਸਮੇਤ ਚਾਰ ਹੋਰ ਮਹਿਲਾਵਾਂ ਨੂੰ ਮਾਮੂਲੀ ਸੱਟਾਂ ਦੇ ਇਲਾਜ ਲਈ ਹਸਪਤਾਲ ਲਿਜਾਇਆ ਗਿਆ। ਰਾਤੀਂ 9:30 ਵਜੇ ਦੇ ਨੇੜੇ ਤੇੜੇ ਪੁਲਿਸ ਨੇ ਟਵੀਟ ਕਰਕੇ ਦੱਸਿਆ ਕਿ ਉਨ੍ਹਾਂ ਵੱਲੋਂ ਇੱਕ ਵਿਅਕਤੀ ਨੂੰ ਹਿਰਾਸਤ ਵਿੱਚ ਲੈ ਲਿਆ ਗਿਆ ਹੈ। ਇਸ ਮਾਮਲੇ ਦੇ ਸਬੰਧ ਵਿੱਚ ਹੋਰ ਜਾਣਕਾਰੀ ਨਹੀਂ ਦਿੱਤੀ ਗਈ।

# ਬਰੈਂਪਟਨ ਟਰਾਂਜ਼ਿਟ ਆਪਣੇ ਰਾਈਡਰਜ਼ ਨੂੰ ਵੰਡੇਗੀ ਇੱਕ ਲੱਖ ਮਾਸਕਸ

...ਪੰਨਾ 1 ਦਾ ਬਾਕੀ

ਪੀਲ ਪਬਲਿਕ ਹੈਲਥ ਅਤੇ ਓਨਟਾਰੀਓ ਸਰਕਾਰ ਵੱਲੋਂ ਪਬਲਿਕ ਟਰਾਂਜ਼ਿਟ ਵਿੱਚ ਮਾਸਕ ਪਾਉਣ ਦੀ ਕੀਤੀ ਗਈ ਸਿਫਾਰਿਸ਼ ਤੋਂ ਬਾਅਦ ਬਰੈਂਪਟਨ ਟਰਾਂਜ਼ਿਟ ਰਾਈਡਰਜ਼ ਨੂੰ ਬੱਸਾਂ ਤੇ ਟਰਮੀਨਲਜ਼ ਉੱਤੇ ਨੌਨ ਮੈਡੀਕਲ ਮਾਸਕਸ ਪਾਉਣ ਦੀ ਸਿਫਾਰਿਸ਼ ਕੀਤੀ ਗਈ ਹੈ। 2 ਜੁਲਾਈ ਤੋਂ ਬਰੈਂਪਟਨ ਟਰਾਂਜ਼ਿਟ ਰਾਈਡਰਜ਼ ਤੇ ਆਪਰੇਟਰਜ਼ ਲਈ ਨੌਨ ਮੈਡੀਕਲ ਮਾਸਕਸ ਪਾਉਣਾ ਲਾਜ਼ਮੀ ਹੋਵੇਗਾ। ਹਾਲਾਂਕਿ ਮਾਸਕਸ ਸਾਰਿਆਂ ਲਈ ਲਾਜ਼ਮੀ ਹੋਣਗੇ ਪਰ ਦੋ ਸਾਲ ਤੋਂ ਘੱਟ ਉਮਰ ਦੇ ਬੱਚਿਆਂ ਜਾਂ ਫਿਰ ਅਪਾਹਜ ਅਤੇ ਹੋਰਨਾਂ ਮੈਡੀਕਲ ਕੰਡੀਸ਼ਨਜ਼ ਵਾਲਿਆਂ, ਜਿਸ ਕਾਰਨ ਉਨ੍ਹਾਂ ਨੂੰ ਮਾਸਕ ਪਾਉਣ ਵਿੱਚ ਦਿੱਕਤ ਹੋਵੇ, ਲਈ ਇਹ ਮਾਸਕ ਪਾਉਣ ਤੋਂ ਛੋਟ ਹੋਵੇਗੀ।

# ਘਾਤਕ ਪੁਲਿਸ ਸ਼ੂਟਿੰਗ ਤੋਂ ਬਾਅਦ ਐਟਲਾਂਟਾ ਦੀ ਪੁਲਿਸ ਚੀਫ ਨੇ ਦਿੱਤਾ ਅਸਤੀਫਾ

...ਪੰਨਾ 1 ਦਾ ਬਾਕੀ

ਅਜੇ ਮਿਨੀਆਪੋਲਿਸ ਵਿੱਚ ਜਾਰਜ ਫਲੌਇਡ ਦੀ ਮੌਤ ਕਾਰਨ ਦੁਨੀਆ ਭਰ ਵਿੱਚ ਹੋਏ ਮੁਜ਼ਾਹਰਿਆਂ ਦਾ ਸਿਲਸਿਲਾ ਮੱਠਾ ਨਹੀਂ ਸੀ ਪਿਆ ਕਿ ਹੁਣ 27 ਸਾਲਾ ਰੇਅਸਾਰਡ ਬਰੁੱਕਜ਼ ਦੇ ਕਤਲ ਤੋਂ ਬਾਅਦ ਐਟਲਾਂਟਾ ਵਿੱਚ ਮੁਜ਼ਾਹਰਿਆਂ ਦਾ ਨਵਾਂ ਦੌਰ ਸ਼ੁਰੂ ਹੋ ਗਿਆ ਹੈ। ਘਟਨਾ ਤੋਂ ਰੋਹ ਵਿੱਚ ਆਏ ਮੁਜ਼ਾਹਰਾਕਾਰੀਆਂ ਨੇ ਦੋਵਾਂ ਦਿਸ਼ਾਵਾਂ ਵਿੱਚ ਇੰਟਰਸਟੇਟ ਹਾਈਵੇਅ ਨੂੰ ਬੰਦ ਕਰ ਦਿੱਤਾ ਤੇ ਵੈਂਡੀਜ਼ ਰੈਸਟੋਰੈਂਟ, ਜਿਸ ਦੇ ਬਾਹਰ ਬਰੁੱਕਜ਼ ਮਾਰਿਆ ਗਿਆ ਸੀ, ਨੂੰ ਅੱਗ ਲਗਾ ਦਿੱਤੀ। ਐਟਲਾਂਟਾ ਦੀ ਮੇਅਰ ਕੀਸ਼ਾ ਲਾਂਸ ਬੌਟਮਜ਼ ਨੇ ਦੁਪਹਿਰ ਸਮੇਂ ਕੀਤੀ ਗਈ ਨਿਊਜ਼ ਕਾਨਫਰੰਸ ਵਿੱਚ ਪੁਲਿਸ ਚੀਫ ਦੇ ਅਸਤੀਫੇ ਸਬੰਧੀ ਜਾਣਕਾਰੀ ਦਿੱਤੀ। ਮੇਅਰ ਨੇ ਬਰੁੱਕਜ਼ ਨੂੰ ਮਾਰਨ ਵਾਲੇ ਅਣਪਛਾਤੇ ਪੁਲਿਸ ਅਧਿਕਾਰੀ ਨੂੰ ਵੀ ਫੌਰੀ ਤੌਰ ਉੱਤੇ ਨੌਕਰੀ ਤੋਂ ਕੱਢਣ ਦੀ ਮੰਗ ਕੀਤੀ।

# ਅਮਰੀਕੀ ਰਾਸ਼ਟਰਪਤੀ ਟਰੰਪ ਦੀ ਆਲੋਚਨਾ ਤੋਂ ਸਹਿਯੋਗੀ ਦੇਸ਼ਾਂ ਦੇ ਨੇਤਾ ਬਚਣ ਲੱਗੇ

ਬਰਲਿਨ, 14 ਜੂਨ, (ਪੋਸਟ ਬਿਊਰੋ)- ਅਮਰੀਕਾ ਵਿਚ ਪੁਲਿਸ ਹਿਰਾਸਤ ਵਿਚ ਗੈਰ-ਗੋਰੇ ਜਾਰਜ ਫਲਾਇਡ ਦੀ ਮੌਤ ਦੇ ਖਿਲਾਫ ਦੁਨੀਆ ਵਿੱਚ ਵਿਰੋਧਾਂ ਦਾ ਸਿਲਸਿਲਾ ਜਾਰੀ ਹੈ ਤੇ 'ਬਲੈਕ ਲਾਈਵਜ਼ ਮੈਟਰ' ਦੇ ਝੰਡੇ ਹੇਠ ਚੱਲਦੇ ਪ੍ਰਦਰਸ਼ਨਾਂ ਦੇ ਪੱਖ ਵਿਚ ਬਰਲਿਨ, ਲੰਡਨ, ਪੈਰਿਸ ਤੇ ਸਿਡਨੀ ਵਿਚ ਲੋਕ ਸੜਕਾਂ ਉੱਤੇ ਆਏ ਹਨ, ਪਰ ਇਨ੍ਹਾਂ ਦੇਸ਼ਾਂ ਦੇ ਆਗੂ ਟਰੰਪ ਦੀ ਸਿੱਧੀ ਆਲੋਚਨਾ ਤੋਂ ਬਚ ਰਹੇ ਹਨ। ਮਾਹਰਾਂ ਦੇ ਮੁਤਾਬਕ ਘਰੇਲੂ ਨਾਰਾਜ਼ਗੀ ਦੇ ਕਾਰਨ ਸੰਸਾਰ ਕੂਟਨੀਤੀ ਕਿਸੇ ਤਰ੍ਹਾਂ ਪ੍ਰਭਾਵਿਤ ਨਾ ਹੋਵੇ, ਇਸ ਲਈ ਇਹ ਆਗੂ ਟਰੰਪ ਬਾਰੇ ਸਿੱਧੀ ਟਿੱਪਣੀ ਨਹੀਂ ਕਰ ਰਹੇ।

ਜਰਮਨੀ ਦੀ ਚਾਂਸਲਰ ਏਂਜਲਾ ਮਰਕਲ ਨੇ ਅੱਜ ਟਰੰਪ ਦੇ ਬਾਰੇ ਸਰਕਾਰੀ ਟੈਲੀਵਿਜ਼ਨ ਚੈਨਲ ਵੱਲੋਂ ਪੁੱਛੇ ਸਵਾਲ ਨੂੰ ਅਣਗੌਲੇ ਕਰ ਕੇ ਮਸਾਂ ਏਨਾ ਕਿਹਾ ਕਿ ਫਲਾਇਡ ਦੀ ਮੌਤ ਸਚਮੁੱਚ ਬੜੀ ਭਿਆਨਕ ਹੈ। ਜਦੋਂ ਦਬਾਅ ਪਾਇਆ ਗਿਆ ਤਾਂ ਉਨ੍ਹਾਂ ਨੇ ਮੰਨਿਆ ਕਿ ਟਰੰਪ ਦੀ ਰਾਜਨੀਤਕ ਸ਼ੈਲੀ ਬਹੁਤ ਵਿਵਾਦਾਂ ਵਾਲੀ ਹੈ। ਬਰਤਾਨੀਆ ਦੇ ਪ੍ਰਧਾਨ ਮੰਤਰੀ ਬੋਰਿਸ ਜੌਨਸਨ ਨੇ ਜਾਰਜ ਫਲਾਇਡ ਦੀ ਮੌਤ ਨੂੰ ਮੰਦਭਾਗੀ ਦੱਸ ਕੇ ਪ੍ਰਦਰਸ਼ਨਕਾਰੀ ਲੋਕਾਂ ਨੂੰ ਸ਼ਾਂਤੀ ਪੂਰਨ ਤਰੀਕੇ ਨਾਲ ਆਪਣੀ ਗੱਲ ਰੱਖਣ ਦੀ ਅਪੀਲ ਕੀਤੀ ਹੈ। ਫਰਾਂਸ ਦੇ ਰਾਸ਼ਟਰਪਤੀ ਇਮੈਨੁਅਲ ਮੈਕਰੋਨ ਫਲਾਇਡ ਦੀ ਮੌਤ ਪਿੱਛੋਂ ਜਨਤਕ ਤੌਰ ਉੱਤੇ ਸਾਹਮਣੇ ਨਹੀਂ ਆਏ। ਸਪੇਨ ਦੇ ਪ੍ਰਧਾਨ ਮੰਤਰੀ ਪੈਡਰੋ ਸਾਂਚੇਜ ਨੇ ਫਲਾਇਡ ਦੀ ਮੌਤ ਵਿਰੁੱਧ ਹੁੰਦੇ ਪ੍ਰਦਰਸ਼ਨਾਂ ਦੀ ਤਿੱਖੀ ਆਲੋਚਨਾ ਜ਼ਰੂਰ ਕੀਤੀ ਹੈ। ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਤੋਂ ਜਦੋਂ ਪਿਛਲੇ ਦਿਨੀਂ ਟਰੰਪ ਦੇ ਫੋਟੋਸ਼ੂਟ ਮੌਕੇ ਵ੍ਹਾਈਟ ਹਾਊਸ ਦੇ ਬਾਹਰ ਸ਼ਾਂਤੀ ਪੂਰਨ ਪ੍ਰਦਰਸ਼ਨ ਕਰਦੇ ਲੋਕਾਂ ਨੂੰ ਹਟਾਉਣ ਬਾਰੇ ਪੁਛਿਆ ਗਿਆ ਤਾਂ 20 ਸਕਿੰਟਾਂ ਤਕ ਉਹ ਕੁਝ ਨਹੀਂ ਸਨ ਬੋਲੇ। ਬਾਅਦ ਵਿਚ ਉਨ੍ਹਾਂ ਨੇ ਸਿਰਫ਼ ਏਨਾ ਕਿਹਾ ਕਿ ਸਾਨੂੰ ਵਿਤਕਰੇ ਦੇ ਖ਼ਿਲਾਫ਼ ਲੜਾਈ ਵਿਚ ਇਕ-ਦੂਜੇ ਦਾ ਸਹਿਯੋਗ ਕਰਨ ਦੀ ਲੋੜ ਹੈ।

'ਬਲੈਕ ਲਾਈਵਜ਼ ਮੈਟਰ' ਦੇ ਬੈਨਰ ਥੱਲੇ ਅੱਜ ਸ਼ਨਿਚਰਵਾਰ ਆਸਟਰੇਲੀਆ ਦੇ ਕਈ ਸ਼ਹਿਰਾਂ ਵਿਚ ਫਿਰ ਰੋਸ ਪ੍ਰਦਰਸ਼ਨ ਹੋਏ। ਸਿਹਤ ਵਿਭਾਗ ਦੀ ਮਨਜ਼ੂਰੀ ਪਿੱਛੋਂ ਪ੍ਰਦਰਸ਼ਨ ਦੀ ਸ਼ੁਰੂਆਤ ਦੂਰ ਦੇ ਸ਼ਹਿਰ ਡਾਰਬਿਨ ਵਿੱਚ ਹੋਈ ਅਤੇ ਸਿਡਨੀ, ਐਡੀਲੇਡ ਅਤੇ ਪਰਥ ਵਿਚ ਸਿਹਤ ਵਿਭਾਗ ਵੱਲੋਂ ਕੋਰੋਨਾ ਵਾਇਰਸ ਫੈਲਣ ਦੀ ਚਿਤਾਵਨੀ ਦੇ ਬਾਵਜੂਦ ਲੋਕ ਸੜਕਾਂ ਉੱਤੇ ਆ ਗਏ। ਪਰਥ ਵਿਚ ਸਭ ਤੋਂ ਵੱਡੀ ਰੈਲੀ ਦੇਖੀ ਗਈ, ਜਿੱਥੇ ਲਗਪਗ ਅੱਠ ਹਜ਼ਾਰ ਲੋਕ ਸਨ।

REXDALE FINANCIAL SERVICES
WE HELP YOU START, GROW AND SUCCEED

We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009

ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
- DEBT CONSOLIDATION
- HOME EQUITY
- LOANS
- HOME RENOVATION
- WANT TO GET OUT OF CREDIT CARD DEBT

MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!

ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ?
ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ', ਅਸੀਂ ਕਰਾਂਗੇ 'ਹਾਂ'



Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
*Some Conditions Aply
Each Mortgage Centre is independently owned and operated

19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047

jobs! jobs! jobs! jobs! jobs!

DUNDAS·JAFINE

HELP WANTED
ਕਾਮਿਆਂ ਦੀ ਲੋੜ
ਜਨਰਲ ਲੇਬਰ ਦਾ ਕੰਮ ਉਪਲੱਬਧ ਹੈ

ਬਰੈਂਪਟਨ ਦੇ ਇਲਾਕੇ ਡੰਡਾਸ ਜੈਫਿਨ, Air Distribution Products ਦੀ Leading Manufacture company HVAC Industry ਲਈ ਫੁੱਲ ਟਾਈਮ ਪੋਜੀਸ਼ਨ ਉਪਲੱਬਧ ਹੈ। ਤਿੰਨੋਂ ਸ਼ਿਫਟਾਂ : Day ਅਤੇ Afternoon Available ਹਨ

ਕਾਮਿਆਂ ਨੂੰ ਹੇਠ ਲਿਖੇ ਕਾਰਨ ਵਿੱਚ ਸਮਰੱਥ ਹੋਣਾ ਜਰੂਰੀ ਹੈ:
* ਸੁਤੰਤਰ ਤੌਰ ਤੇ ਕੰਮ ਕਰੋ * 20Lbs ਤੱਕ ਭਾਰ ਚੁੱਕ ਸਕਣ
* ਆਪਣੇ Safety Shoes ਹੋਣੇ ਚਾਹੀ ਦੇ ਹਨ

ਅਪਲਾਈ ਕਰਨ ਲਈ ਆਪ ਪਹੁੰਚੋ:
110 Glidden Rd., Brampton

ਜਾਂ ਫੇਰ ਈ-ਮੇਲ ਕਰੋ:
jbrown@dundasjafine.com
kkaur@dundasjafine.com

SherGill Law Firm
Barrister, Solicitor & Notary Public

Services:
- Real Estate
- Residential, Commercial & Franchise
- Criminal Law
- Family Law
- Affidavit, Power Of Attorney & Notarization
- Immigration Matters

Paramjit Singh Gill
(MBA,LL.B.)
Tel: 905-790-3636



2565 Steeles Ave E Unit #20, Brampton, ON L6T 4L6



Emergency Contact:
416.910.5676
www.shergilllawfirm.ca

ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ 31 ਸਾਲਾ ਤਜਰਬੇ ਵਾਲੇ


ਅਵਤਾਰ ਸਿੰਘ ਟਿਵਾਣਾ



- Free Evaluation of your Property
- Special Packages for First Time Buyer
- Arrangement of Low Mortgage rate Lawyer
- Arrangement of Home Inspection

Avtar Singh Tiwana
Sales Representative

Tel: 905.793.5777
416.802.5866
31 Melanie Dr. Unit #4 Brampton, ON L6T 5H8




2645 KIPLING AVE
ਬਹੁਤ ਹੀ ਵਧੀਆ ਲੋਕੇਸ਼ਨ ਤੇ 2 ਬੈਡਰੂਮ ਅਤੇ 2 ਵਾਸ਼ਰੂਮ ਦਾ ਕਾਂਡੋ, ਸਾਰਾ ਘਰ ਰੈਨੋਵੇਟਡ, ਬਹੁਤ ਸਾਰੀ ਸਟੋਰੇਜ ਲਈ ਥਾਂ, ਪਹਿਲੀ ਵਾਰ ਘਰ ਖਰੀਦਣ ਵਾਲਿਆਂ ਲਈ ਸੁਨਹਿਰੀ ਮੌਕਾ ਹੈ। ਬਹੁਤ ਸਾਰੀ ਬਾਹਰੋ ਰੋਸ਼ਨੀ ਘਰ ਦੇ ਅੰਦਰ ਆਉਂਦੀ ਹੈ। ਬਹੁਤ ਹੀ ਚੰਗੀ ਤਰ੍ਹਾਂ ਮੈਨਟੇਨ ਕੀਤਾ ਘਰ ਹੈ। ਬਸ ਸਟਾਪ, ਏਅਰਪੋਰਟ, ਸਕੂਲ ,ਹਾਈਵੇ ਆਦਿ ਸਹੂਲਤਾਂ ਦੇ ਨੇੜੇ ਹੈ ।




VAUGHAN
ਬਹੁਤ ਹੀ ਵਧੀਆ ਲੋਕੇਸ਼ਨ ਤੇ, ਅੱਜ ਹੀ ਆਪਣਾ ਕਾਰੋਬਾਰ ਸ਼ੁਰੂ ਕਰੋ, ਵਧੀਆ ਚਲ ਰਿਹਾ ਬਿਊਟੀ ਸੇਲੂਨ। ਰੈਂਟ ਸਿਰਫ $3324/ਮਹੀਨਾ।




Bovaird/Worthington
8 ਬੈਡਰੂਮ, 4 ਵਾਸ਼ਰੂਮ ਦਾ ਡਬਲ ਸਟੋਰੀ ਦੇ ਡਿਟੈਚਡ ਘਰ । ਸੇਪਰੇਟ ਲਿਵਿੰਗ ਤੇ ਡਾਇਨਿੰਗ ਰੂਮ, ਸਟੇਨਲੈਸ ਸਟੀਲ ਅਪਲਾਇੰਸਸ, ਸਕੂਲ, ਬਸਾਂ ਆਦਿ ਦੇ ਨੇੜੇ ।

NEED A LAWYER ??
KAUR LAW OFFICE
Red Seal NOTARY



MANJEET KAUR
LL.B., (London UK)
Barrister, Solicitor & Notary Public

REAL ESTATE LAWYER
- Residential & Commercial
- Sale/Purchase of House
- Mortgage & Refinancing
- Drafting/Reviewing Agreements
- Title Transfer
- 2nd Mortgage

IMMIGRATION
Skilled Worker Category
Spousal & Family Sponsorship
- Student Permits Visa & Renewals
- PR Renewal/ Citizenship Application

FAMILY LAWYER
- Child & Spousal support
- Custody & Access
- Divorce
- Equalization



BUSINESS LAW
- Incorporation & Shareholder agreements
- Sales & Purchase of Assets & Shares
- Notarization & Affidavits

WILLS & ESTATE
- Wills
- Certificate of Estate Trustee with/without Will
- Power of attorney for Property & Personal Care

Tel : 905-454-0099
Fax: 905-454-2234
2575 Steeles Ave. E., Unit 1,Brampton, ON L6T 5T1

AMAN TRAVEL
SPECIAL FARES TO DELHI & AMRITSAR | LAST MINUTE DEALS AVAILABLE



ਅਮਨ ਟਰੈਵਲ
Gaurav Gupta
905.796.3535

ਦੇਸ਼ ਵਿਦੇਸ਼ ਜਾਣ ਸਮੇਂ ਸਸਤੀਆਂ ਹਵਾਈ ਟਿਕਟਾਂ ਅਤੇ ਭਰੋਸੇਮੰਦ ਸਰਵਿਸ ਲੈਣ ਲਈ ਕਾਲ ਕਰੋ



TICO # 50022741

or Visit us at:
218 Kingknoll Dr., Brampton, ON L6Y 4X4

## ਅੱਜ ਨਾਮਾ

ਵਧਦਾ ਕਹਿਰ ਕੋਰੋਨਾ ਦਾ ਨਹੀਂ ਰੁਕਦਾ,
ਫਿਕਰਾਂ ਵਿੱਚ ਹਨ ਦੇਸ਼ ਦੇ ਲੋਕ ਮੀਆਂ।
ਮੌਤਾਂ ਵਧਦੀਆਂ, ਕੇਸ ਕਈ ਵਧੀ ਜਾਂਦੇ,
ਸੈਂਕੜੇ ਘਰੀਂ ਹੈ ਵਰਤਿਆ ਸ਼ੋਕ ਮੀਆਂ।
ਓਧਰ ਪਿਆ ਸਰਕਾਰ ਨੇ ਜ਼ੋਰ ਲਾਇਆ,
ਸਾਧਨ ਸਾਰੇ ਹੀ ਦਿੱਤੇ ਹਨ ਝੋਕ ਮੀਆਂ।
ਕੋਰੋਨਾ ਕਾਬੂ ਤੋਂ ਫੇਰ ਵੀ ਬਾਹਰ ਹਾਲੀ,
ਜੀਹਨੂੰ ਲੱਗਦੀ ਪਈ ਨਹੀਂ ਰੋਕ ਮੀਆਂ।
ਏਧਰ ਮੌਤਾਂ ਦੀ ਹੁੰਦੀ ਨਹੀਂ ਚਾਲ ਢਿੱਲੀ,
ਓਧਰ ਚੋਣਾਂ ਦਾ ਛਿੜ ਗਿਆ ਦੌਰ ਮੀਆਂ।
ਰੁੱਝ ਗਈ ਚੋਣ ਦੇ ਵੱਲ ਸਰਕਾਰ ਜੇਕਰ,
ਕਰਨਾ ਕੀਹਨੇ ਕੋਰੋਨਾ ਲਈ ਗੌਰ ਮੀਆਂ।

**ਤੀਸ ਮਾਰ ਖਾਂ**

# ਖਾਲਿਸਤਾਨ ਦੇ ਪਹਿਲੇ ਬਿਆਨ ਤੋਂ ਅਕਾਲ ਤਖਤ ਦੇ ਜਥੇਦਾਰ ਦਾ ਅਚਾਨਕ ਯੂ-ਟਰਨ

### * ਸਿੱਖਾਂ ਨੂੰ ਪਾਕਿ ਦੀ ਭੜਕਾਊ ਮੁਹਿੰਮ ਤੋਂ ਬਚਣ ਲਈ ਕਿਹਾ



ਅੰਮ੍ਰਿਤਸਰ, 14 ਜੂਨ, (ਪੋਸਟ ਬਿਊਰੋ)- ਬੀਤੇ ਦਿਨੀਂ ਆਪਰੇਸ਼ਨ ਬਲਿਊ ਸਟਾਰ ਦੀ ਵਰ੍ਹੇਗੰਢ ਮੌਕੇ ਖਾਲਿਸਤਾਨ ਬਾਰੇ ਕਹੇ ਗਏ ਆਪਣੇ ਸ਼ਬਦਾਂ ਦੇ ਨਾਲ ਚਰਚਾ ਵਿੱਚ ਆਏ ਸ੍ਰੀ ਅਕਾਲ ਤਖਤ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਅੱਜ ਇੱਕ ਹਫਤੇ ਬਾਅਦ ਅਚਾਨਕ ਯੂ-ਟਰਨ ਮਾਰ ਲਿਆ ਹੈ। ਤਾਜ਼ਾ ਬਿਆਨ ਵਿਚ ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਹੈ ਕਿ ਸਿੱਖਾਂ ਨੂੰ ਸਿਰਫ ਖਾਲਿਸਤਾਨ ਦੇ ਅਧਾਰ ਉੱਤੇ ਹੀ ਪਰਿਭਾਸ਼ਿਤ ਨਹੀਂ ਕੀਤਾ ਜਾ ਸਕਦਾ। ਉਨ੍ਹਾਂ ਸਿੱਖ ਨੌਜਵਾਨਾਂ ਨੂੰ ਸੁਚੇਤ ਕੀਤਾ ਕਿ ਉਹ ਪੰਜਾਬ ਦੇ ਸਿੱਖਾਂ ਨੂੰ ਵਰਗਲਾਉਣ ਦੀ ਪਾਕਿਸਤਾਨ ਦੀ ਮੁਹਿੰਮ ਦਾ ਹਿੱਸਾ ਨਾ ਬਣਨ।

ਵਰਨਣ ਯੋਗ ਹੈ ਕਿ ਅਪਰੇਸ਼ਨ ਬਲਿਊ ਸਟਾਰ ਦੀ ਵਰ੍ਹੇਗੰਢ ਮੌਕੇ ਗਿਆਨੀ ਹਰਪ੍ਰੀਤ ਸਿੰਘ ਨੇ 6 ਜੂਨ ਨੂੰ ਕਿਹਾ ਸੀ ਕਿ ਜੇ ਕੇਂਦਰ ਸਰਕਾਰ ਸਿੱਖਾਂ ਨੂੰ ਖਾਲਿਸਤਾਨ ਦੇਵੇ ਤਾਂ ਉਨ੍ਹਾਂ ਨੂੰ ਇਹ ਹਾਸਲ ਕਰਨ ਦੀ ਖੁਸ਼ੀ ਹੋਵੇਗੀ। ਵਿਦੇਸ਼ਾਂ ਵਿਚ ਸਿੱਖ ਰੈਫਰੈਂਡਮ ਦੇ ਨਾਂ ਉੱਤੇ ਮੁਹਿੰਮ ਚਲਾ ਰਹੀ ਜਥੇਬੰਦੀ ਸਿੱਖਸ ਫਾਰ ਜਸਟਿਸ ਨੇ ਸ੍ਰੀ ਅਕਾਲ ਤਖਤ ਦੇ ਜਥੇਦਾਰ ਦੇ ਇਸ ਬਿਆਨ ਨੂੰ ਚੁੱਕ ਕੇ ਸਿੱਖ ਨੌਜਵਾਨਾਂ ਨੂੰ ਖਾਲਿਸਤਾਨ ਦੇ ਨਾਂ ਉਕਸਾਉਣਾ ਸ਼ੁਰੂ ਕਰ ਦਿੱਤਾ ਤੇ ਕਿਹਾ ਸੀ ਕਿ ਭਾਰਤ ਦੇ ਜਿਹੜੇ ਸਿਆਸੀ ਆਗੂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਥਾਪੇ ਹੋਏ ਸ੍ਰੀ ਅਕਾਲ ਤਖਤ ਦੇ ਜਥੇਦਾਰ ਖਿਲਾਫ ਬੋਲਦੇ ਹਨ, ਉਹ ਕੌਮਾਂਤਰੀ ਮੰਚਾਂ ਉੱਤੇ ਸਿੱਖਾਂ ਦੇ ਦੁਸ਼ਮਣ ਕਰਾਰ ਦੇ ਦਿੱਤੇ ਜਾਣਗੇ। ਅਮਰੀਕਾ ਤੋਂ ਚੱਲਦੀ ਸਿੱਖਸ ਫਾਰ ਜਸਟਿਸ ਨਾਂ ਦੀ ਜਥੇਬੰਦੀ 4 ਜੁਲਾਈ ਤੋਂ ਰੈਫਰੈਂਡਮ 2020 ਨਾਮ ਦੀ ਨਵੀਂ ਮੁਹਿੰਮ ਸ਼ੁਰੂ ਕਰਨ ਵਾਲੀ ਹੈ ਤੇ ਅਮਰੀਕੀ ਵਕੀਲ ਗੁਰਪਤਵੰਤ ਸਿੰਘ ਪੰਨੂ ਦੀ ਅਗਵਾਈ ਵਾਲੀ ਇਹ ਜਥੇਬੰਦੀ ਪੰਜਾਬ ਨੂੰ ਭਾਰਤ ਤੋਂ ਵੱਖ ਕਰਨ ਲਈ ਲੰਬੇ ਸਮੇਂ ਤੋਂ ਸਿੱਖ ਨੌਜਵਾਨਾਂ ਨੂੰ ਉਕਸਾਉਣ ਦਾ ਕੰਮ ਕਰ ਰਹੀ ਹੈ।

ਅੱਜ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਸਿੱਖਾਂ ਨੂੰ ਕਿਸੇ ਵੀ ਤਰ੍ਹਾਂ ਖ਼ਾਲਿਸਤਾਨ ਦੇ ਨਾਂ ਉੱਤੇ ਪਰਿਭਾਸ਼ਤ ਨਹੀਂ ਕੀਤਾ ਜਾਣਾ ਚਾਹੀਦਾ ਤੇ ਸਿੱਖਾਂ ਨੂੰ ਵੀ ਧਿਆਨ ਰੱਖਣਾ ਪਵੇਗਾ ਕਿ ਦੁਸ਼ਮਣ ਦੇਸ਼ ਕਿਸੇ ਵੀ ਤਰ੍ਹਾਂ ਸਿੱਖ ਨੌਜਵਾਨਾਂ ਨੂੰ ਗੁਮਰਾਹ ਕਰ ਕੇ ਭਾਰਤੀ ਸੰਵਿਧਾਨ ਦੇ ਵਿਰੁੱਧ ਤੇ ਖਾੜਕੂਵਾਦ ਵਿੱਚ ਧੱਕਣ ਵਿਚ ਸਫਲ ਨਾ ਹੋ ਸਕੇ। ਉਨ੍ਹਾਂ ਕਿਹਾ ਕਿ ਕੁਝ ਲੋਕ ਉਨ੍ਹਾਂ ਦੇ ਬਿਆਨਾਂ ਨੂੰ ਗ਼ਲਤ ਢੰਗ ਨਾਲ ਪੇਸ਼ ਕਰਦੇ ਹਨ, ਜਦ ਕਿ ਸਿੱਖ ਕੌਮ ਗੁਰਬਾਣੀ ਤੇ ਹਲੀਮੀ ਰਾਜ ਤੇ ਬੇਗ਼ਮਪੁਰੇ ਦੇ ਉਸ ਰਾਜ ਵੱਲ ਸੇਧਤ ਹੈ, ਜਿਸ ਵਿਚ ਕਾਨੂੰਨ ਤੇ ਮਨੁੱਖਤਾ ਦਾ ਰਾਜ ਹੋਵੇ, ਇਹ ਹਰ ਸਿੱਖ ਦਾ ਜਨਮ ਸਿੱਧ ਅਧਿਕਾਰ ਹੈ। ਕਾਰਜਕਾਰੀ ਜਥੇਦਾਰ ਨੇ ਕਿਹਾ ਕਿ ਸਮੇਂ-ਸਮੇਂ ਕਈ ਸਿੱਖ ਆਗੂਆਂ ਨੇ ਲੋਕਤੰਤਰ ਦੇ ਪੱਖ ਵਿੱਚ ਬਿਆਨ ਦਿੱਤੇ ਹਨ ਤੇ ਇਸ ਵਿਚ ਵਿਸ਼ਵਾਸ ਪ੍ਰਗਟ ਕੀਤਾ ਹੈ। ਸਮੇਂ-ਸਮੇਂ ਕਾਂਗਰਸ ਦੀਆਂ ਸਰਕਾਰਾਂ ਵੱਲੋਂ ਸਿੱਖਾਂ ਦੇ ਧਾਰਮਿਕ ਅਸਥਾਨਾਂ ਉੱਤੇ ਹਮਲੇ ਕਰਵਾਉਣ ਅਤੇ ਸਿੱਖਾਂ ਦੇ ਕਤਲ ਕਾਂਡ ਕਰਵਾਉਣ ਦੀਆਂ ਘਟਨਾਵਾਂ ਨੇ ਸਿੱਖਾਂ ਨੂੰ ਵੱਖਰੇ ਰਾਜ ਦੀ ਮੰਗ ਲਈ ਪ੍ਰੇਰਤ ਕੀਤਾ ਸੀ ਅਤੇ ਸਮੇਂ ਦੀਆਂ ਸਰਕਾਰਾਂ ਨੇ ਸਿਆਸੀ ਲੋੜਾਂ ਲਈ ਸਿੱਖਾਂ ਪ੍ਰਤੀ ਗ਼ਲਤ ਧਾਰਨਾ ਪੈਦਾ ਕੀਤੀ ਹੈ। ਉਨ੍ਹਾਂ ਕਿਹਾ ਕਿ ਸਰਕਾਰਾਂ ਵੱਲੋਂ ਸਿੱਖਾਂ ਉੱਤੇ ਸਰਕਾਰੀ ਜ਼ੁਲਮ ਕਾਰਨ ਉਨ੍ਹਾਂ ਵਿੱਚ ਬੇਗਾਨਗੀ ਦਾ ਅਹਿਸਾਸ ਪੈਦਾ ਹੋਇਆ ਸੀ ਅਤੇ ਪਾਕਿਸਤਾਨ ਤੇ ਉਸ ਦੀਆਂ ਏਜੰਸੀਆਂ ਨੇ ਇਸ ਦਾ ਲਾਭ ਉਠਾ ਕੇ ਸਿੱਖ ਨੌਜਵਾਨਾਂ ਨੂੰ ਖ਼ਾਲਿਸਤਾਨ ਲਈ ਉਕਸਾਇਆ ਅਤੇ ਫੰਡ ਦਿੱਤੇ ਹਨ। ਉਨ੍ਹਾਂ ਨੇ ਕਿਹਾ ਕਿ ਕੁਝ ਮਨੁੱਖਤਾ ਵਿਰੋਧੀ ਸ਼ਕਤੀਆਂ ਨੇ ਆਪਣੇ ਸਿਆਸੀ ਹਿੱਤਾਂ ਲਈ ਗੜਬੜ ਦਾ ਮਾਹੌਲ ਬਣਾਉਣ ਵਾਸਤੇ ਭੂਮਿਕਾ ਨਿਭਾਈ ਹੈ। ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਸਿੱਖਾਂ ਨੂੰ ਖ਼ਾਲਿਸਤਾਨ ਨਾਲ ਪਰਿਭਾਸ਼ਤ ਨਹੀਂ ਕੀਤਾ ਜਾਣਾ ਚਾਹੀਦਾ, ਸਿੱਖ ਦੁਨੀਆ ਵਿੱਚ ਸ਼ਾਂਤੀ, ਸਰਬ ਸਾਂਝੀਵਾਲਤਾ ਤੇ ਸਰਬੱਤ ਦੇ ਭਲੇ ਦੇ ਸਮਰਥਕ ਹਨ। ਉਨ੍ਹਾਂ ਕਿਹਾ ਕਿ ਉਨ੍ਹਾਂ ਦੇ ਬਿਆਨ ਨੂੰ ਉਹ ਲੋਕ ਗ਼ਲਤ ਢੰਗ ਨਾਲ ਪੇਸ਼ ਕਰਦੇ ਹਨ, ਜਿਹੜੇ ਲੋਕ ਸਿੱਖ ਕੌਮ ਨੂੰ ਆਪਣੀ ਸਿਆਸਤ ਦੇ ਲਈ ਜਾਣਬੁਝ ਕੇ ਖ਼ਾਲਿਸਤਾਨ ਨਾਲ ਜੋੜ ਕੇ ਗ਼ਲਤ ਢੰਗ ਨਾਲ ਲੋਕਾਂ ਵਿੱਚ ਪੇਸ਼ ਕਰ ਕੇ ਆਪਣੇ ਹਿੱਤਾਂ ਦੀ ਪੂਰਤੀ ਕਰਨਾ ਚਾਹੁੰਦੇ ਹਨ ਅਤੇ ਵਿਦੇਸ਼ਾਂ ਵਿਚ ਬੈਠੇ ਕੁਝ ਲੋਕ ਆਪਣੇ ਆਕਾਵਾਂ ਨੂੰ ਖ਼ੁਸ਼ ਕਰਨ ਲਈ ਉਨ੍ਹਾਂ ਦੇ ਬਿਆਨ ਨੂੰ ਗ਼ਲਤ ਰੰਗ ਦੇ ਕੇ ਪੇਸ਼ ਕਰ ਰਹੇ ਹਨ। ਅਕਾਲ ਤਖਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਨੇ ਕਿਹਾ ਹਲੀਮੀ ਰਾਜ ਅਤੇ ਬੇਗ਼ਮਪੁਰੇ ਦੀ ਧਾਰਨਾ ਗੁਰਬਾਣੀ ਅਨੁਸਾਰ ਸਿੱਖ ਭਾਵਨਾਵਾਂ ਨਾਲ ਜੁੜੀ ਹੈ ਅਤੇ ਹਰ ਸਿੱਖ ਵੱਲੋਂ ਲੋਕਤੰਤਰੀ ਢੰਗ ਨਾਲ ਮਨੁੱਖਤਾ ਲਈ ਸ਼ਾਂਤਮਈ ਸੰਘਰਸ਼ ਕਰਨ ਦੀ ਹਾਮੀ ਭਰਦੀ ਹੈ ਅਤੇ ਸਿੱਖਾਂ ਨੂੰ ਸੰਵਿਧਾਨ ਦੇ ਅੰਦਰ ਰਹਿ ਕੇ ਆਪਣੇ ਹੱਕਾਂ ਲਈ ਸ਼ਾਂਤਮਈ ਆਵਾਜ਼ ਚੁੱਕਣੀ ਚਾਹੀਦੀ ਹੈ, ਤਾਂ ਕਿ ਕਿਸੇ ਦਾ ਕੋਈ ਨੁਕਸਾਨ ਨਾ ਹੋਵੇ ਤੇ ਪੰਜਾਬ ਵਿਚ ਹਰ ਵਿਅਕਤੀ ਸ਼ਾਂਤੀ ਨਾਲ ਜੀਵਨ ਬਤੀਤ ਕਰ ਸਕੇ। ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਕੇਂਦਰ ਸਰਕਾਰ ਨੂੰ ਵੀ ਚਾਹੀਦਾ ਹੈ ਕਿ ਸਿੱਖਾਂ ਦੀ ਗੱਲ ਗੰਭੀਰਤਾ ਨਾਲ ਸੁਣੇ ਅਤੇ ਉਨ੍ਹਾਂ ਦੇ ਜ਼ਖ਼ਮਾਂ ਉੱਤੇ ਮਲ੍ਹਮ ਲਾਏ ਤਾਂ ਜੋ ਉਹ ਆਪਣੇ ਆਪ ਨੂੰ ਬੇਗਾਨੇ ਮਹਿਸੂਸ ਨਾ ਕਰਨ। ਗਿਆਨੀ ਹਰਪ੍ਰੀਤ ਸਿੰਘ ਨੇ ਆਪਣੇ ਬਿਆਨ ਵਿਚ ਗੁਰਪਤਵੰਤ ਸਿੰਘ ਪੰਨੂ ਦਾ ਨਾਮ ਲਏ ਬਿਨਾਂ ਉਸ ਬਾਰੇ ਕਿਹਾ ਕਿ ਕੁਝ ਸਿਆਸੀ ਆਗੂ ਸਾਡੇ 6 ਜੂਨ ਨੂੰ ਦਿੱਤੇ ਬਿਆਨ ਬਾਰੇ ਗੈਰ-ਜ਼ਰੂਰੀ ਬਿਆਨ ਜਾਰੀ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਗੁਰਬਾਣੀ ਵਿਚ ਕਿਹਾ ਗਿਆ ਹੈ ਕਿ ਮਨੁੱਖਤਾ ਉੱਤੇ ਅਧਾਰਿਤ ਕਾਨੂੰਨ ਦਾ ਰਾਜ ਸਿੱਖਾਂ ਦਾ ਜਮਾਂਦਰੂ ਹੱਕ ਹੈ ਤੇ ਵੱਖ-ਵੱਖ ਸਮਿਆਂ ਦੌਰਾਨ ਲੋਕਤੰਤਰ ਦੇ ਘੇਰੇ ਵਿਚ ਰਹਿੰਦਿਆਂ ਕਈ ਸਿੱਖ ਆਗੂਆਂ ਨੇ ਇਸ ਮੰਗ ਨੂੰ ਚੁੱਕਿਆ ਹੋਇਆ ਹੈ।

## ਕੋਰੋਨਾ ਦੀ ਮਾਰ: ਪੰਜਾਬ ਵਿੱਚ ਚਾਰ ਹੋਰ ਮੌਤਾਂ, ਮ੍ਰਿਤਕਾਂ ਦੀ ਗਿਣਤੀ 78 ਅਤੇ ਕੇਸਾਂ ਦੀ ਗਿਣਤੀ 3234 ਹੋਈ



ਚੰਡੀਗੜ੍ਹ, 14 ਜੂਨ, (ਪੋਸਟ ਬਿਊਰੋ)- ਪੰਜਾਬ ਵਿਚ ਕੋਰੋਨਾ ਵਾਇਰਸ ਨਾਲ ਮੌਤਾਂ ਦਾ ਸਿਲਸਿਲਾ ਰੁਕ ਨਹੀਂ ਰਿਹਾ ਅਤੇ ਅੱਜ ਐਤਵਾਰ ਨੂੰ ਅੰਮ੍ਰਿਤਸਰ ਵਿਚ ਦੋ, ਪਠਾਨਕੋਟ ਵਿਚ ਇਕ ਤੇ ਜਲੰਧਰ ਵਿਚ ਇਕ ਔਰਤ ਦੀ ਮੌਤ ਹੋ ਜਾਣ ਦੇ ਨਾਲ ਇਸ ਰਾਜ ਵਿਚ ਕੁੱਲ ਮੌਤਾਂ ਦੀ ਗਿਣਤੀ 78 ਹੋ ਗਈ ਹੈ। ਇਕੱਲੇ ਅੰਮ੍ਰਿਤਸਰ ਵਿਚ ਕੋਰੋਨਾ ਨਾਲ 21 ਮੌਤਾਂ ਹੋ ਚੁੱਕੀਆਂ ਹਨ, ਜਿਨ੍ਹਾਂ ਵਿੱਚੋਂ 13 ਮੌਤਾਂ ਸਿਰਫ਼ ਪਿਛਲੇ ਹਫ਼ਤੇ ਵਿਚ ਹੋਈਆਂ ਹਨ।

ਅੱਜ ਐਤਵਾਰ ਨੂੰ ਅੰਮ੍ਰਿਤਸਰ ਵਿੱਚ ਪਿੰਡ ਪੰਡੋਰੀ ਮਹਿਮਾ ਅਤੇ ਮੁਹੱਲਾ ਅੰਨ੍ਹਗੜ੍ਹ ਦੇ ਇੱਕ-ਇੱਕ ਵਿਅਕਤੀ ਦੀ ਮੌਤ ਹੋਈ ਹੈ। ਓਧਰ ਪਠਾਨਕੋਟ ਦੇ ਇੱਕ 68 ਸਾਲਾ ਮਰੀਜ਼ ਦੀ ਮੌਤ ਲੁਧਿਆਣਾ ਦੇ ਹਸਪਤਾਲ ਵਿਚ ਇਲਾਜ ਦੌਰਾਨ ਹੋ ਗਈ ਹੈ। ਉਸ ਦੀ ਮੌਤ ਤੋਂ ਬਾਅਦ ਰਿਪੋਰਟ ਆਈ ਕਿ ਉਹ ਕੋਰੋਨਾ ਪਾਜ਼ੇਟਿਵ ਸੀ। ਅੱਜ ਜਲੰਧਰ ਵਿਚ ਇਕ 38 ਸਾਲਾ ਔਰਤ ਦੀ ਕੋਰੋਨਾ ਵਾਇਰਸ ਦੇ ਕਾਰਨ ਮੌਤ ਹੋ ਗਈ ਹੈ। ਅੱਜ ਐਤਵਾਰ ਪੰਜਾਬ ਵਿਚ 78 ਨਵੇਂ ਕੇਸ ਮਿਲਣ ਨਾਲ ਕੁੱਲ ਕੇਸਾਂ ਦੀ ਗਿਣਤੀ 3234 ਅਤੇ ਮੌਤਾਂ ਦੀ ਕੁੱਲ ਗਿਣਤੀ 78 ਹੋ ਗਈ ਦੱਸੀ ਜਾਂਦੀ ਹੈ।

# ਭਾਰਤ ਵਿੱਚ ਇੱਕੋ ਦਿਨ ਵਿੱਚ ਕੋਰੋਨਾ ਦੇ 11,929 ਨਵੇਂ ਕੇਸ

### * ਮੌਤਾਂ ਦੀ ਗਿਣਤੀ ਸਾਢੇ ਨੌਂ ਹਜ਼ਾਰ ਤੋਂ ਵੀ ਟੱਪ ਗਈ



ਨਵੀਂ ਦਿੱਲੀ, 15 ਜੂਨ, (ਪੋਸਟ ਬਿਊਰੋ)- ਭਾਰਤ ਵਿਚ ਪਿਛਲੇ 24 ਘੰਟਿਆਂ ਵਿਚ ਕੋਰੋਨਾ ਵਾਇਰਸ ਦੇ ਅੱਜ ਤੱਕ ਸਭ ਤੋਂ ਵੱਧ ਇੱਕੋ ਦਿਨ 11,929 ਨਵੇਂ ਕੇਸ ਪਤਾ ਲੱਗੇ ਹਨ। ਇਸ ਨਾਲ ਕੋਰੋਨਾ ਦੇ ਕੁੱਲ ਕੇਸਾਂ ਦੀ ਗਿਣਤੀ ਅੱਜ ਸੋਮਵਾਰ ਦੀ ਸਵੇਰ ਤੱਕ ਵਧ ਕੇ 3,33,008 ਹੋ ਗਈ ਅਤੇ ਮੌਤਾਂ ਦੀ ਗਿਣਤੀ 9,520 ਤੱਕ ਚਲੀ ਗਈ ਹੈ।

ਮਿਲੀਆਂ ਸੂਚਨਾਵਾਂ ਅਨੁਸਾਰ ਭਾਰਤ ਵਿੱਚ ਲਗਾਤਾਰ ਤੀਸਰੇ ਦਿਨ ਕਰੋਨਾ ਵਾਇਰਸ ਦੇ ਕੇਸ ਦਸ ਹਜ਼ਾਰ ਨਾਲੋਂ ਵੱਧ ਮਿਲੇ ਹਨ। ਇਸ ਵਕਤ ਤੱਕ ਕਰੋਨਾ ਵਾਇਰਸ ਦੇ ਨਾਲ ਮਹਾਰਾਸ਼ਟਰ ਵਿੱਚ 3717 ਮੌਤਾਂ, ਗੁਜਰਾਤ ਵਿੱਚ 1448 ਅਤੇ ਰਾਜਧਾਨੀ ਦਿੱਲੀ ਵਿੱਚ 1271 ਮੌਤਾਂ ਹੋ ਚੁੱਕੀਆਂ ਹਨ। ਇਨ੍ਹਾਂ ਤੋਂ ਇਲਾਵਾ ਮੱਧ ਪ੍ਰਦੇਸ਼ ਵਿੱਚ 447, ਪੱਛਮੀ ਬੰਗਾਲ ਵਿੱਚ 463, ਤਾਮਿਲ ਨਾਡੂ ਵਿਚ 397, ਉੱਤਰ ਪ੍ਰਦੇਸ਼ ਵਿਚ 385 ਅਤੇ ਰਾਜਸਥਾਨ ਵਿੱਚ 272 ਮੌਤਾਂ ਹੋਈਆਂ ਹਨ।

ਭਾਰਤ ਵਿੱਚ ਕੋਰੋਨਾ ਦੇ ਕੇਸਾਂ ਦੀ ਗਿਣਤੀ ਤਿੰਨ ਲੱਖ ਤੋਂ ਟੱਪ ਜਾਣ ਦੇ ਬਾਅਦ ਸਰਕਾਰ ਨੇ ਇਸ ਦੇ ਇਲਾਜ ਦਾ ਨਵਾਂ ਪ੍ਰੋਟੋਕੋਲ ਜਾਰੀ ਕੀਤਾ ਹੈ, ਜਿਸ ਵਿੱਚ ਇਲਾਜ ਦੇ ਮੁੱਢਲੇ ਪੜਾਅ ਉੱਤੇ ਮਰੀਜ਼ਾਂ ਨੂੰ ਹਾਈਡ੍ਰੋਕਲੋਰੋਕੁਈਨ ਦੇਣ ਅਤੇ ਗੰਭੀਰ ਕੇਸਾਂ ਵਿੱਚ ਰੈਮਡੀਸਵਿਰ ਦੀ ਵਰਤੋਂ ਕਰਨ ਦੀ ਆਗਿਆ ਦੇ ਦਿੱਤੀ ਗਈ ਹੈ।

ਇਸ ਬਿਮਾਰੀ ਨਾਲ ਸਭ ਤੋਂ ਵੱਧ ਪ੍ਰਭਾਵਿਤ ਮਹਾਰਾਸ਼ਟਰ, ਦਿੱਲੀ, ਤਾਮਿਲ ਨਾਡੂ ਅਤੇ ਗੁਜਰਾਤ ਵਿੱਚ ਨਵੇਂ ਕੇਸਾਂ ਉੱਤੇ ਰੋਕ ਨਹੀਂ ਲੱਗ ਰਹੀ। ਮਹਾਰਾਸ਼ਟਰ ਇਕੱਲੇ ਵਿੱਚ ਕੁੱਲ ਕੇਸਾਂ ਦੀ ਗਿਣਤੀ ਇੱਕ ਲੱਖ ਤੋਂ ਵੱਧ ਹੋ ਚੁੱਕੀ ਹੈ, ਜਿਨ੍ਹਾਂ ਵਿੱਚੋਂ ਸਿਰਫ ਮੁੰਬਈ ਸ਼ਹਿਰ ਤੋਂ ਪਚਵੰਜਾ ਹਜ਼ਾਰ ਤੋਂ ਵੱਧ ਕੇਸ ਰਿਕਾਰਡ ਉੱਤੇ ਆਏ ਹਨ। ਦਿੱਲੀ ਵਿੱਚ ਕਰੀਬ ਚਾਲੀ ਹਜ਼ਾਰ ਕੇਸ ਅਤੇ ਤਾਮਿਲ ਨਾਡੂ ਵਿੱਚ ਬਤਾਲੀ ਹਜ਼ਾਰ ਤੋਂ ਵੱਧ ਕੇਸ ਹੋ ਚੁੱਕੇ ਹਨ। ਤਾਮਿਲ ਨਾਡੂ ਦੀ ਰਾਜਧਾਨੀ ਚੇਨਈ ਵਿੱਚ ਹੀ ਕੇਸਾਂ ਦੀ ਗਿਣਤੀ ਸਤਾਈ ਹਜ਼ਾਰ ਤੋਂ ਵੱਧ ਹੋ ਚੁੱਕੀ ਹੈ। ਗੁਜਰਾਤ ਰਾਜ ਵਿੱਚ ਕੁੱਲ ਤੇਈ ਹਜ਼ਾਰ ਕੇਸਾਂ ਵਿੱਚੋਂ ਅਹਿਮਦਬਾਦ ਸ਼ਹਿਰ ਦੇ ਅੰਦਰ ਹੀ ਸਾਢੇ ਬਾਈ ਹਜ਼ਾਰ ਕੇਸ ਹੋ ਚੁੱਕੇ ਹਨ।

## ਮਾਹਰਾਂ ਵੱਲੋਂ ਚਿਤਾਵਨੀ: ਪਾਕਿਸਤਾਨੀ ਮੀਡੀਆ ਤੇ ਟੈਲੀਕਾਮ ਵਿੱਚ ਚੀਨ ਘੁਸਪੈਠ ਕਰ ਰਿਹੈ

ਇਸਲਾਮਾਬਾਦ, 14 ਜੂਨ (ਪੋਸਟ ਬਿਊਰੋ)- ਇੱਕ ਮਾਹਰ ਨੇ ਚਿਤਾਵਨੀ ਦਿੱਤੀ ਹੈ ਕਿ ਪਾਕਿਸਤਾਨ ਦੀ ਮੁੱਖ ਧਾਰਾ ਦੇ ਮੀਡੀਆ ਅਤੇ ਟੈਲੀਕਾਮ ਦੇ ਬੁਨਿਆਦੀ ਢਾਂਚੇ ਵਿੱਚ ਚੀਨ ਘੁਸਪੈਠ ਕਰ ਰਿਹਾ ਹੈ। ਪਤਾ ਲੱਗਾ ਹੈ ਕਿ ਚੀਨ ਨਿਗਰਾਨੀ ਕਰਨ ਦੇ ਮਕਸਦ ਨਾਲ ਦੁਵੱਲੇ ਸਹਿਯੋਗ ਵਧਾ ਰਿਹਾ ਹੈ, ਜੋ ਦੇਸ਼ ਵਿੱਚ ਲੋਕਾਂ ਦੇ ਬੋਲਣ ਦੀ ਆਜ਼ਾਦੀ ਲਈ ਖਤਰਾ ਹੈ। ਨਊਮੇ ਓਪਾਲੀਸਕੀ ਸੈਂਟਰ ਫਾਰ ਇੰਟਰਨਲ ਐਂਡ ਰੀਜ਼ਨਲ ਸਕਿਓਰਿਟੀ ਦੇ ਇੱਕ ਖੋਜਕਰਤਾ ਦਾ ਕਹਿਣਾ ਹੈ ਕਿ ਇਹ ਘਟਨਾਕ੍ਰਮ ਪਾਕਿਸਤਾਨੀ ਆਨਲਾਈਨ ਸਮੱਗਰੀ ਨੂੰ ਘਰੇਲੂ ਪੱਧਰ 'ਤੇ ਸੈਂਸਰ ਕਰਨ ਦੀ ਵਧਦੀਆਂ ਕੋਸ਼ਿਸ਼ਾਂ ਦੇ ਪਿਛੋਕੜ ਦੇ ਖਿਲਾਫ ਹਨ। ਉਨ੍ਹਾਂ ਨੇ ਪਾਇਆ ਕਿ 2012 ਤੋਂ ਪਾਕਿਸਤਾਨ ਸਰਕਾਰ ਆਨਲਾਈਨ ਸ਼ੇਅਰ ਕੀਤੀ ਸਮੱਗਰੀ 'ਤੇ ਕੰਟਰੋਲ ਕਰਨ ਲਈ ਇੱਕ ਰਾਸ਼ਟਰੀ ਕਾਨੂੰਨ ਲਾਗੂ ਕਰਨ ਦਾ ਯਤਨ ਕਰ ਰਹੀ ਹੈ। 2016 ਵਿੱਚ ਪਾਕਿਸਤਾਨ ਇਲੈਕਟ੍ਰਾਨਿਕ ਅਪਰਾਧ ਨਿਯਮ ਦੀ ਸ਼ੁਰੂਆਤ ਅੱਤਵਾਦੀ ਪ੍ਰਚਾਰ ਵਰਗੀਆਂ ਹਾਨੀਕਾਰਕ ਸਮੱਗਰੀਆਂ ਨੂੰ ਰੈਗੂਲੇਟ ਕਰਨ ਲਈ ਕੀਤੀ ਗਈ ਸੀ, ਪਰ ਇਸ ਦੀ ਵਰਤੋਂ ਨੇਤਾਵਾਂ ਅਤੇ ਸਰਕਾਰ ਦੇ ਆਲੋਚਕਾਂ ਨੂੰ ਸੈਂਸਰ ਕਰਨ ਲਈ ਵੀ ਕੀਤੀ ਗਈ ਹੈ।

ਇਸ ਦੌਰਾਨ ਪਾਕਿਸਤਾਨ ਵਿੱਚ ਅਹਿਮਦੀਆ ਫਿਰਕੇ ਦੇ ਟੈਲੀਵਿਜ਼ਨ ਚੈਨਲਾਂ 'ਤੇ ਸਰਕਾਰ ਨੇ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਪਾਕਿਸਤਾਨ ਇਲੈਕਟ੍ਰਾਨਿਕ ਮੀਡੀਆ ਰੈਗੂਲੇਟਰੀ ਅਥਾਰਟੀ (ਪੀ ਈ ਐੱਮ ਆਰ ਏ) ਨੇ 28 ਮਈ ਨੂੰ ਆਪਣੇ ਸਾਰੇ ਖੇਤਰੀ ਦਫਤਰਾਂ ਲਈ ਹੁਕਮ ਕਰ ਕੇ ਕਿਹਾ ਕਿ ਦੇਸ਼ ਵਿੱਚ ਕੋਈ ਵੀ ਚੈਨਲ ਨਾਜਾਇਜ਼ ਨਾ ਚੱਲਣ ਦਿੱਤਾ ਜਾਏ। ਇਨ੍ਹਾਂ ਵਿੱਚ ਖਾਸ ਤੌਰ ਤੇ ਅਹਿਮਦੀਆ ਫਿਰਕੇ ਵੱਲੋਂ ਚਲਾਏ ਜਾਂਦੇ ਚੈਨਲਾਂ ਦਾ ਜ਼ਿਕਰ ਹੈ।

## ਬ੍ਰਿਟੇਨ ਵਿੱਚ ਮਹਾਤਮਾ ਗਾਂਧੀ, ਮੰਡੇਲਾ ਤੇ ਚਰਚਿਲ ਦੇ ਬੁੱਤ ਢਕਣੇ ਪੈ ਗਏ

ਲੰਡਨ, 14 ਜੂਨ, (ਪੋਸਟ ਬਿਊਰੋ)- ਇਸ ਹਫ਼ਤੇ ਦੇ ਅੰਤ ਵਿਚ ਹੋਣ ਵਾਲੇ ਵਿਰੋਧ ਪ੍ਰਦਰਸ਼ਨਾਂ ਦਾ ਖਿਆਲ ਕਰ ਕੇ ਅੱਜ ਸ਼ੁੱਕਰਵਾਰ ਨੂੰ ਲੰਡਨ ਦੇ ਪਾਰਲੀਮੈਂਟ ਸਕਵੇਅਰ ਉੱਤੇ ਲੱਗੀਆਂ ਮਹਾਤਮਾ ਗਾਂਧੀ, ਨੈਲਸਨ ਮੰਡੇਲਾ ਤੇ ਵਿੰਸਟਨ ਚਰਚਿਲ ਦੀਆਂ ਮੂਰਤੀਆਂ ਨੂੰ ਕਿਸੇ ਰੋਸ ਪ੍ਰਗਟਾਵੇ ਦੇ ਸ਼ੱਕ ਕਾਰਨ ਢੱਕ ਦਿੱਤਾ ਗਿਆ ਹੈ।

ਵਰਨਣ ਯੋਗ ਹੈ ਕਿ ਅਮਰੀਕਾ ਵਿੱਚ ਇੱਕ ਗੈਰ-ਗੋਰੇ ਜਾਰਜ ਫਲਾਇਡ ਦੀ ਪੁਲਸ ਹਿਰਾਸ ਵਿੱਚ ਮੌਤ ਦੇ ਕਾਰਨ ਨਸਲਵਾਦ ਦੇ ਵਿਰੁੱਧ ਸਾਰੀ ਦੁਨੀਆ ਵਿੱਚ ਰੋਸ ਪ੍ਰਗਟਾਵੇ ਹੋ ਰਹੇ ਹਨ। ਰੋਸ ਕਰਦੇ ਗਰੁੱਪਾਂ ਨੇ ਫਲਾਇਡ ਦੀ ਮੌਤ ਬਾਰੇ ਇਥੇ ਲੰਡਨ ਵਿੱਚ ਵੀ ਵੱਡੇ ਪ੍ਰਦਰਸ਼ਨਾਂ ਦਾ ਐਲਾਨ ਕੀਤਾ ਹੋਇਆ ਹੈ। ਉਧਰ ਬ੍ਰਿਟੇਨ ਦੇ ਪ੍ਰਧਾਨ ਮੰਤਰੀ ਬੋਰਿਸ ਜੌਨਸਨ ਦਾ ਕਹਿਣਾ ਹੈ ਕਿ ਇਹ ਬਹੁਤ ਬੇਤੁਕਾ ਤੇ ਸ਼ਰਮਨਾਕ ਹੈ ਕਿ ਪਾਰਲੀਮੈਂਟ ਸਕਵੇਅਰ ਉੱਤੇ ਲੱਗੇ ਸਾਬਕਾ ਪ੍ਰਧਾਨ ਮੰਤਰੀ ਚਰਚਿਲ ਦੇ ਬੁੱਤ ਨੂੰ ਰੋਸ ਕਰਨ ਵਾਲਿਆਂ ਤੋਂ ਖ਼ਤਰਾ ਹੈ। ਉਨ੍ਹਾਂ ਕਿਹਾ ਕਿ ਇਹ ਠੀਕ ਹੈ ਕਿ ਚਰਚਿਲ ਦੇ ਕੁਝ ਬਿਆਨ ਅੱਜ ਦੇ ਮਾਹੌਲ ਮੁਤਾਬਕ ਠੀਕ ਨਹੀਂ ਹਨ, ਪ੍ਰੰਤੂ ਉਹ ਇਸ ਦੇਸ਼ ਦੇ ਇੱਕ ਹੀਰੋ ਸਨ।


ਇਸ ਦੌਰਾਨ ਨਿਊਜ਼ੀਲੈਂਡ ਦੇ ਸ਼ਹਿਰ ਹੈਮਿਲਟਨ ਵਿਚ ਅੱਜ ਸ਼ੁੱਕਰਵਾਰ ਬ੍ਰਿਟਿਸ਼ ਸਮੁੰਦਰੀ ਫੌਜ ਦੇ ਉਸ ਕੈਪਟਨ ਜੌਹਨ ਹੈਮਿਲਟਨ ਦਾ ਕਾਂਸੇ ਦੇ ਬੁੱਤ ਹਟਾ ਦਿੱਤਾ ਗਿਆ ਹੈ, ਜਿਸ ਦੇ ਨਾਂ ਉੱਤੇ ਇਸ ਸ਼ਹਿਰ ਦਾ ਨਾਂ ਰੱਖਿਆ ਸੀ। ਕੈਪਟਨ ਹੈਮਿਲਟਨ ਨਾਂਅ ਦੇ ਇਸ ਨੇਵੀ ਅਫਸਰ ਨੇ ਸਾਲ 1860 ਵਿਚ ਸਥਾਨਕ ਮਾਓਰੀ ਕਬੀਲੇ ਦੇ ਲੋਕਾਂ ਦੇ ਵੱਡੇ ਪੱਧਰ ਉੱਤੇ ਕਤਲ ਕਰਵਾਏ ਸਨ। ਕਰੀਬ 16 ਲੱਖ ਦੀ ਆਬਾਦੀ ਵਾਲਾ ਹੈਮਿਲਟਨ ਇਸ ਦੇਸ਼ ਦਾ ਚੌਥਾ ਵੱਡਾ ਸ਼ਹਿਰ ਹੈ ਤੇ ਓਥੋਂ ਦੀ 25 ਫ਼ੀਸਦੀ ਆਬਾਦੀ ਮਾਓਰੀ ਲੋਕਾਂ ਦੀ ਹੈ।

ਇਸ ਤੋਂ ਇੱਕ ਦਿਨ ਪਹਿਲਾਂ ਅਮਰੀਕਾ ਦੇ ਨਿਊਜਰਸੀ ਰਾਜ ਦੇ ਕੈਮਡੇਨ ਸ਼ਹਿਰ ਵਿਚ ਰੋਸ ਕਰਨ ਵਾਲੇ ਲੋਕਾਂ ਨੇ ਸੰਸਾਰ ਪ੍ਰਸਿੱਧ ਖੋਜੀ ਯਾਤਰੀ ਕ੍ਰਿਸਟੋਫਰ ਕੋਲੰਬਸ ਦਾ ਬੁੱਤ ਤੋੜ ਕੇ ਝੀਲ ਵਿੱਚ ਸੁੱਟ ਦਿੱਤਾ ਸੀ।

## ਵੱਧ ਪੈਸੇ ਲੈਣ ਵਾਲੇ ਪ੍ਰਾਈਵੇਟ ਹਸਪਤਾਲਾਂ ਦੇ ਲਾਇਸੈਂਸ ਰੱਦ ਕਰ ਦਿੱਤੇ ਜਾਣਗੇ: ਸਿਹਤ ਮੰਤਰੀ

ਚੰਡੀਗੜ੍ਹ, 14 ਜੂਨ (ਪੋਸਟ ਬਿਊਰੋ)- ਪੰਜਾਬ ਵਿਚ ਕੋਰੋਨਾ ਦੇ ਇਲਾਜ ਵਿਚ ਜ਼ਿਆਦਾ ਪੈਸੇ ਵਸੂਲਣ ਵਾਲੇ ਪ੍ਰਾਈਵੇਟ ਹਸਪਤਾਲਾਂ 'ਤੇ ਸਿਹਤ ਵਿਭਾਗ ਸਖਤੀ ਕਰੇਗਾ। ਮਰੀਜ਼ਾਂ ਤੋਂ ਵੱਧ ਪੈਸੇ ਵਸੂਲਣ ਦੀਆਂ ਰਿਪੋਰਟਾਂ ਦਾ ਸਖਤ ਨੋਟਿਸ ਲੈਂਦੇ ਹੋਏ ਸਿਹਤ ਮੰਤਰੀ ਬਲਬੀਰ ਸਿੰਘ ਸਿੱਧੂ ਨੇ ਚਿਤਾਵਨੀ ਦਿੱਤੀ ਹੈ ਕਿ ਅਜਿਹਾ ਕਰਨ ਵਾਲੇ ਪ੍ਰਾਈਵੇਟ ਹਸਪਤਾਲਾਂ ਦੇ ਲਾਇਸੈਂਸ ਰੱਦ ਕਰ ਦਿੱਤੇ ਜਾਣਗੇ। ਉਨ੍ਹਾਂ ਕਿਹਾ ਕਿ ਜੋ ਹਸਪਤਾਲ ਇਸ ਮਹਾਂਮਾਰੀ ਦੇ ਕਾਰਨ ਬਣੇ ਹਾਲਾਤ ਦਾ ਫਾਇਦਾ ਉਠਾਉਣ ਦੀ ਕੋਸ਼ਿਸ਼ ਕਰ ਰਹੇ ਹਨ, ਉਨ੍ਹਾਂ ਦੇ ਵਿਰੁੱਧ ਸਖਤ ਕਾਰਵਾਈ ਕੀਤੀ ਜਾਏਗੀ।



# ਖੇਤਾਂ ਵਿੱਚ ਬੈਠੇ ਕਿਸਾਨ ਦੀ ਗੋਲੀਆਂ ਮਾਰ ਕੇ ਹੱਤਿਆ

ਜਗਰਾਓਂ, 14 ਜੂਨ (ਪੋਸਟ ਬਿਊਰੋ)- ਜ਼ਮੀਨੀ ਝਗੜੇ ਅਤੇ ਪੈਸਿਆਂ ਦੇ ਲੈਣ-ਦੇਣ ਦੇ ਕਾਰਨ ਰਾਏਕੋਟ ਦੇ ਪਿੰਡ ਝੋਰੜਾ ਵਿੱਚ ਇੱਕ ਕਿਸਾਨ ਨੂੰ ਗੋਲੀਆਂ ਮਾਰ ਕੇ ਮਾਰ ਦਿੱਤਾ। ਘਟਨਾ ਕੱਲ੍ਹ ਸਵੇਰੇ ਦੀ ਹੈ, ਜਦੋਂ ਕਿਸਾਨ ਆਪਣੇ ਖੇਤ ਵਿੱਚ ਮੰਜੇ 'ਤੇ ਬੈਠਾ ਆਰਾਮ ਕਰ ਰਿਹਾ ਸੀ। ਹਮਲਾਵਰ ਵੀ ਕੋਈ ਹੋਰ ਨਹੀਂ, ਪਿੰਡ ਝੋਰੜਾ ਦਾ ਹੀ ਕਿਸਾਨ ਹੈ, ਜੋ ਸਾਈਕਲ ਉਤੇ ਕਤਲ ਕਰਨ ਆਇਆ ਸੀ ਅਤੇ ਕਰ ਕੇ ਚਲਾ ਗਿਆ। ਮ੍ਰਿਤਕ ਕਿਸਾਨ ਜਰਨੈਲ ਸਿੰਘ ਦੀ ਨੂੰਹ ਦੇ ਬਿਆਨਾਂ 'ਤੇ ਦੋਸ਼ੀ ਉਤੇ ਹੱਤਿਆ ਦਾ ਮਾਮਲਾ ਦਰਜ ਕਰ ਕੇ ਪੁਲਸ ਨੇ ਉਸ ਨੂੰ ਗ੍ਰਿਫਤਾਰ ਕਰ ਲਿਆ ਹੈ। ਮਿਲੀ ਜਾਣਕਾਰੀ ਮੁਤਾਬਕ ਪਿੰਡ ਝੋਰੜਾ ਦੇ 65 ਸਾਲਾ ਕਿਸਾਨ ਜਰਨੈਲ ਸਿੰਘ ਨੇ ਕੁਝ ਸਾਲ ਪਹਿਲਾਂ ਪਿੰਡ ਦੇ ਗੁਰਵਿੰਦਰ ਸਿੰਘ ਨਾਲ ਸਾਢੇ ਚਾਰ ਏਕੜ ਜ਼ਮੀਨ ਖਰੀਦੀ ਸੀ। ਕੋਵਿਡ 19 ਕਾਰਨ ਆਈ ਮੰਦੀ ਦੇ ਦੌਰਾਨ ਡੀ ਜੇ ਸਾਊਂਡ ਦਾ ਕੰਮ ਕਰਨ ਵਾਲਾ ਗੁਰਵਿੰਦਰ ਸਿੰਘ ਆਪਣੀ ਬਾਕੀ ਜ਼ਮੀਨ ਵੀ ਵੇਚਣਾ ਚਾਹੁੰਦਾ ਸੀ ਜਿਸ ਨੂੰ ਜਰਨੈਲ ਸਿੰਘ ਲੈਣਾ ਚਾਹੁੰਦਾ ਸੀ। ਗੁਰਵਿੰਦਰ ਸਿੰਘ ਨੇ ਕੁਝ ਦਿਨ ਪਹਿਲਾਂ ਆਪਣੀ ਛੇ ਕਨਾਲ ਜ਼ਮੀਨ ਵਿੱਚੋਂ ਚਾਰ ਕਨਾਲ ਜ਼ਮੀਨ ਦਾ ਸੌਦਾ ਪਿੰਡ ਦੇ ਰਹਿਣ ਵਾਲੇ ਮਹਿੰਦਰ ਸਿੰਘ ਦੇ ਨਾਲ 16.80 ਲੱਖ ਪ੍ਰਤੀ ਏਕੜ ਦੇ ਹਿਸਾਬ ਨਾਲ ਕੀਤਾ ਸੀ, ਜਿਸ ਕਾਰਨ ਜਰਨੈਲ ਸਿੰਘ ਅਤੇ ਗੁਰਵਿੰਦਰ ਸਿੰਘ ਵਿੱਚ ਕਾਫੀ ਬਹਿਸ ਹੋਈ ਸੀ। ਗੁਰਵਿੰਦਰ ਸਿੰਘ ਵੱਲੋਂ ਜ਼ਮੀਨ ਕਿਸੇ ਹੋਰ ਨੂੰ ਵੇਚਣ ਕਾਰਨ ਜਰਨੈਲ ਸਿੰਘ ਨੇ ਗੁਰਵਿੰਦਰ ਸਿੰਘ ਨੂੰ ਪਹਿਲਾਂ ਖਰੀਦੀ ਜ਼ਮੀਨ ਦੀ ਬਚਦੀ ਰਕਮ ਦੇਣ ਤੋਂ ਨਾਂਹ ਨੁੱਕਰ ਕੀਤੀ ਜਿਸ ਕਾਰਨ ਦੋਵਾਂ ਦਾ ਝਗੜਾ ਵਧ ਗਿਆ। ਕੱਲ੍ਹ ਸਵੇਰੇ ਗੁਰਵਿੰਦਰ ਸਿੰਘ ਆਪਣੀ 12 ਬੋਰ ਦੀ ਗੰਨ ਨਾਲ ਘਰੋਂ ਸਾਈਕਲ 'ਤੇ ਨਿਕਲਿਆ ਅਤੇ ਖੇਤਾਂ ਵਿੱਚ ਬੈਠੇ ਜਰਨੈਲ ਸਿੰਘ 'ਤੇ ਸਿੱਧੇ ਤਿੰਨ ਫਾਇਰ ਕਰ ਦਿੱਤੇ ਜਿਸ ਕਾਰਨ ਮੌਕੇ 'ਤੇ ਜਰਨੈਲ ਸਿੰਘ ਦੀ ਮੌਤ ਹੋ ਗਈ। ਐੱਸ ਐੱਚ ਓ ਹਰਜਿੰਦਰ ਸਿੰਘ ਨੇ ਦੱਸਿਆ ਕਿ ਪੁਲਸ ਨੇ ਮ੍ਰਿਤਕ ਜਰਨੈਲ ਸਿੰਘ ਦੀ ਨੂੰਹ ਕਮਲਜੀਤ ਕੌਰ ਦੇ ਬਿਆਨਾਂ 'ਤੇ ਦੋਸ਼ੀ ਗੁਰਵਿੰਦਰ ਸਿੰਘ ਪੁੱਤਰ ਚਰਨ ਸਿੰਘ 'ਤੇ ਕਤਲ ਦਾ ਮਾਮਲਾ ਦਰਜ ਕਰ ਲਿਆ ਹੈ। ਪਤਾ ਲੱਗਾ ਹੈ ਕਿ ਪੁਲਸ ਨੇ ਪਿੰਡ ਵਿੱਚ ਦੋਸ਼ੀ ਨੂੰ ਗ੍ਰਿਫਤਾਰ ਕਰ ਲਿਆ ਹੈ।

# ਕੈਪਟਨ ਅਮਰਿੰਦਰ ਸਿੰਘ ਵੱਲੋਂ ਲੋਕ ਭਲਾਈ ਸਕੀਮਾਂ ਲਈ ਪ੍ਰਧਾਨ ਮੰਤਰੀ ਨੂੰ ਪੱਤਰ



ਚੰਡੀਗੜ੍ਹ, 14 ਜੂਨ, (ਪੋਸਟ ਬਿਊਰੋ)- ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਅੱਜ ਲੋਕ ਭਲਾਈ ਦੀਆਂ ਸਕੀਮਾਂ ਬਾਰੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਪੱਤਰ ਲਿਖ ਕੇ ਕੋਰੋਨਾ ਦੇ ਸੰਕਟ ਵਿੱਚ ਪ੍ਰਧਾਨ ਮੰਤਰੀ ਗਰੀਬ ਕਲਿਆਣ ਅੰਨ ਯੋਜਨਾ (ਪੀ ਐਮ ਜੀ ਕੇ ਏ ਵਾਈ) ਦਾ ਲਾਭ ਛੇ ਮਹੀਨੇ ਵਧਾਉਣ ਲਈ ਕਿਹਾ ਹੈ ਤਾਂ ਕਿ ਕੌਮੀ ਖੁਰਾਕ ਸੁਰੱਖਿਆ ਐਕਟ (ਐਨ ਐਫ ਐਸ ਏ) ਦੇ ਲਾਭਪਾਤਰੀਆਂ ਨੂੰ ਮੁਫ਼ਤ ਕਣਕ ਅਤੇ ਦਾਲਾਂ ਦੀ ਸਹੂਲਤ ਮਿਲਦੀ ਰਹੇ।

ਪ੍ਰਧਾਨ ਮੰਤਰੀ ਨੂੰ ਲਿਖੇ ਇਸ ਪੱਤਰ ਵਿੱਚ ਕੈਪਟਨ ਅਮਰਿੰਦਰ ਸਿੰਘ ਨੇ ਦੱਸਿਆ ਹੈ ਕਿ ਇਸ ਵਾਧੇ ਨਾਲ ਪੰਜਾਬ ਯਕੀਨੀ ਕਰੇਗਾ ਕਿ ਗਰੀਬ ਤੇ ਲੋੜਵੰਦ ਭੁੱਖੇ ਨਾ ਸੌਣ ਅਤੇ ਉਨਾਂ ਨੂੰ ਆਪਣਾ ਗੁਜ਼ਾਰਾ ਕਰਨ ਜੋਗੇ ਕੀਤਾ ਜਾ ਸਕੇ। ਉਨ੍ਹਾਂ ਨੇ ਪ੍ਰਧਾਨ ਮੰਤਰੀ ਨੂੰ ਭਾਰਤ ਸਰਕਾਰ ਦੇ ਖਪਤਕਾਰ ਮਾਮਲਿਆਂ, ਖੁਰਾਕ ਤੇ ਜਨਤਕ ਵੰਡ ਪ੍ਰਣਾਲੀ ਮੰਤਰਾਲੇ ਨੂੰ ਇਸ ਦੀ ਸਲਾਹ ਦੇਣ ਲਈ ਕਿਹਾ ਹੈ। ਪ੍ਰਧਾਨ ਮੰਤਰੀ ਗਰੀਬ ਕਲਿਆਣ ਯੋਜਨਾ ਦੇ ਪਹਿਲੇ ਐਲਾਨ ਨਾਲ ਕੋਵਿਡ ਦੇ ਸੰਕਟ ਦੌਰਾਨ ਐਨ ਐਫ ਐਸ ਏ ਦੇ ਗਰੀਬ ਲਾਭਪਾਤਰੀਆਂ ਨੂੰ ਹੋਏ ਲਾਭ ਦਾ ਹਵਾਲਾ ਦੇ ਕੇ ਮੁੱਖ ਮੰਤਰੀ ਨੇ ਕਿਹਾ ਕਿ ਇਸ ਮਹਾਂਮਾਰੀ ਨੂੰ ਫੈਲਣ ਤੋਂ ਰੋਕਣ ਲਈ ਦੇਸ਼ ਵਿਆਪੀ ਤਾਲਾਬੰਦੀ ਨਾਲ ਦੇਸ਼ ਦੇ ਅਰਥਚਾਰੇ ਦੀ ਰਫ਼ਤਾਰ ਮੱਠੀ ਪਈ ਹੈ ਅਤੇ ਲੋਕਾਂ ਦੀ ਆਮਦਨ ਤੇ ਬੱਚਤ ਘਟ ਗਈ ਹੈ। ਇਸ ਵਿੱਚ ਵਾਧਾ ਕਰਨ ਉੱਤੇ ਜ਼ੋਰ ਦਿੰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਲਾਕਡਾਊਨ ਨੂੰ ਤਿੰਨ ਮਹੀਨੇ ਹੋਣ ਵਾਲੇ ਹਨ ਅਤੇ ਪੰਜਾਬ ਵਿੱਚ ਉਦਯੋਗਿਕ ਗਤੀਵਿਧੀਆਂ ਬਹਾਲ ਹੋਣ ਮਗਰੋਂ ਵੀ ਲੋਕਾਂ ਖਾਸ ਕਰਕੇ ਗਰੀਬਾਂ ਦੀ ਸਥਿਤੀ ਵਿੱਚ ਬਹੁਤਾ ਸੁਧਾਰ ਨਹੀਂ ਹੋਇਆ। ਉਨਾਂ ਕਿਹਾ ਕਿ ਰਾਜ ਵਿੱਚ 2.60 ਲੱਖ ਉਦਯੋਗਿਕ ਯੂਨਿਟਾਂ ਵਿੱਚੋਂ 2.32 ਲੱਖ ਤੋਂ ਵੱਧ ਚਾਲੂ ਹੋ ਗਏ ਹਨ, ਪਰ ਪਿਛਲੇ ਕੁਝ ਸਮਿਆਂ ਵਿੱਚ ਤਨਖਾਹਾਂ ਦਾ ਘਾਟਾ ਪੈ ਜਾਣ ਕਰਕੇ ਲੋਕਾਂ ਖਾਸ ਕਰਕੇ ਐਨ ਐਫ ਐਸ ਏ ਦੇ ਲਾਭਪਾਤਰੀਆਂ ਦੀ ਖਰੀਦ ਸ਼ਕਤੀ ਘਟ ਗਈ ਹੈ।

ਕੈਪਟਨ ਅਮਰਿੰਦਰ ਸਿੰਘ ਨੇ ਲਿਖਿਆ ਹੈ ਕਿ ਕਰਫਿਊ ਤੋਂ ਢਿੱਲ ਦੇਣ ਨਾਲ ਕੋਰੋਨਾ ਦੇ ਕੇਸਾਂ ਵਿੱਚ ਵਾਧਾ ਹੋਣ ਦਾ ਰੁਝਾਨ ਹੈ ਅਤੇ ਅੱਗੇ ਲੌਕਡਾਊਨ ਅਤੇ ਰੋਕਾਂ ਨੂੰ ਰੱਦ ਨਹੀਂ ਕੀਤਾ ਜਾ ਸਕਦਾ।

# ਟੈਂਕਰ ਦੀ ਟੱਕਰ ਨਾਲ ਬਾਈਕ ਸਵਾਰ ਦੀ ਮੌਤ


ਕੁਰਾਲੀ, 14 ਜੂਨ (ਪੋਸਟ ਬਿਊਰੋ)- ਏਥੋਂ ਦੇ ਕੁਰਾਲੀ-ਰੂਪਨਗਰ ਨੈਸ਼ਨਲ ਹਾਈਵੇ ਉੱਤੇ ਇੱਕ ਟੈਂਕਰ ਵਾਲੇ ਨੇ ਮੋਟਰ ਸਾਈਕਲ ਸਵਾਰ ਨੂੰ ਲਪੇਟ ਵਿੱਚ ਲੈ ਲਿਆ। ਹਾਦਸੇ ਵਿੱਚ ਮੋਟਰ ਸਾਈਕਲ ਸਵਾਰ ਨੌਜਵਾਨ ਜਸਪ੍ਰੀਤ ਸਿੰਘ (27) ਪੁੱਤਰ ਸਵਰਗਵਾਸੀ ਜਸਵਿੰਦਰ ਸਿੰਘ ਪਿੰਡ ਭਾਗੋਮਾਜਰਾ ਦੀ ਮੌਕੇ 'ਤੇ ਮੌਤ ਹੋ ਗਈ। ਪਤਾ ਲੱਗਾ ਹੈ ਕਿ ਜਸਪ੍ਰੀਤ ਸਿੰਘ ਮੋਟਰ ਸਾਈਕਲ 'ਤੇ ਆਪਣੇ ਪਿੰਡ ਜਾ ਰਿਹਾ ਸੀ ਕਿ ਪਿੰਡ ਬੰਨ੍ਹਮਾਜਰਾ ਕੋਲ ਇੱਕ ਟੈਂਕਰ ਨੇ ਉਸ ਨੂੰ ਲਪੇਟ ਵਿੱਚ ਲੈ ਲਿਆ। ਹਾਦਸੇ ਵਿੱਚ ਨੌਜਵਾਨ ਦੀ ਮੌਕੇ 'ਤੇ ਮੌਤ ਹੋ ਗਈ। ਸਿੰਘ ਭਗਵੰਤਪੁਰਾ ਪੁਲਸ ਨੇ ਮ੍ਰਿਤਕ ਦੇ ਰਿਸ਼ਤੇਦਾਰ ਦੇ ਬਿਆਨਾਂ 'ਤੇ ਟੈਂਕਰ ਚਾਲਕ ਮੁਕੇਸ਼ ਮੀਨਾ ਵਾਸੀ ਰਾਜਸਥਾਨ ਖਿਲਾਫ ਮਾਮਲਾ ਦਰਜ ਕੀਤਾ ਹੈ। ਮ੍ਰਿਤਕ ਦੇ ਕਰੀਬੀ ਰਿਸ਼ਤੇਦਾਰ ਹੌਲਦਾਰ ਬਲਵਿੰਦਰ ਸਿੰਘ ਭਾਗੋਮਾਜਰਾ ਨੇ ਦੱਸਿਆ ਕਿ ਉਕਤ ਨੌਜਵਾਨ ਦੇ ਮਾਪਿਆਂ ਦੀ ਪਹਿਲਾਂ ਮੌਤ ਹੋ ਚੁੱਕੀ ਹੈ ਤੇ ਉਹ ਇਕਲੌਤਾ ਪੁੱਤਰ ਸੀ। ਮ੍ਰਿਤਕ ਦੀ ਇੱਕ ਭੈਣ ਵਿਆਹੀ ਹੋਈ ਹੈ।

ਹੈਲਪਰ ਦੀ ਲੋੜ ਹੈ
Construction Company
FULL TIME WORK
416-618-3358 | 905-789-7783



ਕਾਮਿਆਂ ਦੀ ਲੋੜ
ਨਰਸਰੀ ਵਿੱਚ ਕੰਮ ਕਰਨ ਲਈ ਬੰਦਿਆਂ ਦੀ ਲੋੜ ਹੈ। ਰੋਜਾਨਾ ਕੰਮ ਅਤੇ ਚੰਗੀ ਪੇਅ ਦਿੱਤੀ ਜਾਵੇਗੀ। ਰਾਈਡ ਦੀ ਵੀ ਪੂਰਾ ਪ੍ਰਬੰਧ ਹੈ।
ਵਧੇਰੇ ਜਾਣਕਾਰੀ ਲਈ ਸੰਪਰਕ ਕਰੋ:
647-764-3637

UK TRUCK TRAINING CENTRE
ukttc
PCC #179958
Registered as a Private Careers College
ਹੁਣ ਕੈਮਬ੍ਰਿਜ ਵਿੱਚ ਨਵੀਂ ਲੋਕੇਸ਼ਨ ਖੁੱਲ ਗਈ ਹੈ!!!
225 Sheldon Dr #18, Cambridge
Automatic & Manual Trucks
1 on 1 Training
Air Brake Classes
Sat & Sun 8.00am to 4.00pm
Wed & Thu 4.00pm to 11.00pm
ਜਲਦੀ ਰੋਡ ਟੈਸਟ ਬੁਕਿੰਗ
Forklift Training
Forklift $79 Recertification
Counterbalance
Reach Truck
ਬਾਰ-ਬਾਰ ਫੇਲ੍ਹ ਹੋਣ ਤੋਂ ਬਚਣ ਲਈ ਤਜ਼ਰਬੇਕਾਰ ਇੰਸਟ੍ਰਕਟਰ ਤੋਂ ਟ੍ਰੇਨਿੰਗ ਪ੍ਰਾਪਤ ਕਰੋ।
We help in Written Test & in Finding Jobs
20 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ
7542 Bath Rd, Mississauga, ON L4T 1L2, Off:905.673.7979 | OPEN 7 DAYS uktruck1@gmail.com | Jitpal Singh Deol 647-204-1936





ਖਿੜਕੀਆਂ ਅਤੇ ਦਰਵਾਜੇ ਲਗਵਾਓ
Free Estimates
ਵਨਾਈਲ ਅਤੇ ਐਲੂਮੀਨੀਅਮ ਵਿੰਡੋਜ਼, ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼, ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ, ਹਰ ਤਰਾਂ ਦਾ ਗਲਾਸ ਰਿਪਲੇਸਮੈਂਟ
ਅਸੀਂ ਪੇਂਟ ਵੀ ਕਰਦੇ ਹਾਂ
24 ਘੰਟੇ ਤੁਹਾਡੀ ਸੇਵਾ ਵਿੱਚ
SINGH (TOCHI)
416-454-3031
647-784-8240
Email: tochisangha1@hotmail.com
CANADIAN GLASS AND WINDOW



KARTAR FURNITURE
ਫਰਨੀਚਰ ਦੀ ਦੁਨੀਆ ਦਾ ਇੱਕੋ ਇੱਕ ਟਿਕਾਊ ਨਾਮ
ਕਰਤਾਰ ਫਰਨੀਚਰ
- ਅਸੀਂ ਸੌਫਾ ਸੈੱਟ ਖੁੱਦ ਹੱਥੀ ਤਿਆਰ ਕਰਦੇ ਹਾਂ
- ਕਸਟਮਰ ਆਪਣੀ ਪਸੰਦ ਦੇ ਸਪਰਿੰਗ, ਫੇਬਰਿਕ ਅਤੇ ਡਿਜਾਇਨ ਦੱਸ ਸਕਦੇ ਹਨ
- ਪੁਰਾਣੇ ਸੋਫਿਆਂ ਤੇ ਡਾਇਨਿੰਗ ਚੇਅਰ ਨੂੰ ਹਾਰਡ ਫੋਮ ਭਰਕੇ ਨਵਾਂ ਬਣਾਓ
Email: kartarfurnitue@live.com
Call Rajinder Singh 416.741.9657
69 Westmore Dr. #20 Etobicoke ON, M9V 3Y6




We Provide services:
- Corporation Registration
- Corporation Tax Returns
- Personal Tax Retrurns
- Accounting •Book - Keeping
- H.S.T •WSIB •T4 •E-File
- Assistance in Audit with CRA
CPA CHARTERED PROFESSIONAL ACCOUNTANTS
Kamaljeet Singh Saini CPA, CGA
Chartered Professional Accountants
Off: 905-799-6292
Email: kamalgirn@gmail.com
7956 Torbram Rd, Unit #209, Brampton, ON L6T 5A2 Fax: 905-291-0741




ਬਰਾੜ ਗਰਾਜ ਡੋਰ
ਅਸੀਂ Repair ਕਰਦੇ ਹਾਂ:
Broken Springs
Cables & Rollers
Garage Door Openers
We Install Garage Door Openers
• ਕਾਲ ਕਰੋ: 416-357-4082 •





ਹਵਾਈ ਸਫਰ ਨੂੰ ਸੁਹਾਵਨਾ ਤੇ ਸੁਰੱਖਿਅਤ ਬਣਾਓ ਤੇ ਸਾਡੀ TRAVEL INSURANCE ਦੀ ਮੁਹਾਰਤ ਦਾ ਫਾਇਦਾ ਉਠਾਓ




Join and Represent Us
- VISITOR TO CANADA INSURANCE
- TRAVEL OUT INSURANCE
- INTERNATIONAL STUDENT INSURANCE
- OTHER INSURANCE PRODUCTS
905-707-1512
905-707-1513
Molly@jfgroup.ca
Toronto Head Office: 15 wertheim court # 501 Richmond Hill, ON L4B 3H7

Steinmetz & Associates
PERSONAL INJURY LAWYERS
Harry Steinmetz
Certified as Specialist by the Law Society of Ontario in Civil Litigation (with over 27yrs. of experience)
ਕੀ ਐਕਸੀਡੈਂਟ ਵਿੱਚ ਤੁਹਾਡੇ ਸੱਟ ਲੱਗ ਗਈ ਹੈ?
ਮੁੱਫਤ ਸਲਾਹ ▪ ਫੀਸ ਸੈਟਲਮੈਂਟ ਹੋਣ ਤੋ ਬਾਅਦ
BOBBY SIDHU
partner
(Serving the Community for Over 16 yrs.)
ਜੇਕਰ ਤੁਹਾਡਾ ਕਸੂਰ ਹੈ ਜਾਂ ਨਹੀਂ, ਚਾਹੇ ਤੁਸੀਂ ਕੰਮ ਕਰਦੇ ਹੋ ਜਾਂ ਨਹੀਂ, ਚਾਹੇ ਤੁਸੀਂ Housewife ਹੋ, Student ਹੋ, Pedestrian ਹੋ, Cycliust ਹੋ, ਐਕਸੀਡੈਂਟ ਵਿਚ ਸੱਟ ਲੱਗਣ ਦੀ ਸੂਰਤ ਵਿਚ ਤੁਸੀਂ ਕਈ ਬੈਨੀਫਿਟਸ ਦੇ ਹੱਕਦਾਰ ਹੋ ਸਕਦੇ ਹੋ। ਜੇਕਰ ਤੁਹਾਡੀ ਗਲਤੀ ਨਹੀਂ ਹੈ ਤਾਂ ਤੁਸੀਂ Pain & Suffering ਸਮੇਤ ਕਈ ਮਿਲੀਅਨ ਡਾਲਰ ਦੇ ਕਲੇਮ ਦੇ ਹੱਕਦਾਰ ਹੋ ਸਕਦੇ ਹੋ।
ਹੁਣ ਤੱਕ ਅਸੀਂ ਆਪਣੇ Clients ਨੂੰ ਕਈ ਮਿਲੀਅਨ ਤੱਕ ਦੇ ਕਲੇਮ ਦੁਆ ਚੁੱਕੇ ਹਾਂ।
ਜੇਕਰ ਤੁਸੀਂ ਆਪਣੀਆਂ ਮੋਜੂਦਾ ਕਾਨੂੰਨੀ ਸੇਵਾਵਾਂ ਤੋਂ ਸੰਤੁਸ਼ਟ ਨਹੀਂ ਹੋ ਤਾਂ ਅਸੀਂ ਤੁਹਾਡੀ ਸੇਵਾ ਲਈ ਹਾਜਰ ਹਾਂ।
If you are hurt in Auto Accident, Slip & Fall or you have long Term Disability Claims
Protect yourself, Protect your family, Know your rights.
For exceptional service, benefits you are entitled to and a settlement you deserve, call the name you trust
You only pay upon settlement
GURSHARAN BOBBY SIDHU
647.539.3020
1450 Meyerside Drive, Suite 308, Mississauga | 2 OFFICES TO SERVE YOU | 55 St. Clair Ave., West, Toronto
email: bsidhu@steinmetzlawyers.ca website: www.steinmetzlawyers.ca





# ਚੋਣਾਂ ਬਾਰੇ ਸੋਚਣ ਰੁੱਝੇ ਆਗੂ ਹਾਲੇ ਤੱਕ ਵਿਗੜੇ ਹਾਲਾਤ ਦੀ ਅੱਖ ਨਹੀਂ ਪਛਾਣ ਰਹੇ



ਜਤਿੰਦਰ ਪੰਨੂ

ਅਸੀਂ ਅਜੇ ਪਿਛਲੇ ਹਫਤੇ ਇਹ ਲਿਖਿਆ ਸੀ ਕਿ ਭਾਰਤ ਕੋਰੋਨਾ ਦੇ ਸ਼ਿਕੰਜੇ ਵਿੱਚੋਂ ਨਿਕਲਿਆ ਨਹੀਂ ਤੇ ਇਸ ਦੀ ਰਾਜਨੀਤੀ ਆਪਣੀਆਂ ਮੋਰਚੇਬੰਦੀਆਂ ਬਣਾਉਣ ਲੱਗ ਪਈ ਹੈ। ਜਦੋਂ ਜੰਗ ਚੱਲਦੀ ਹੋਵੇ, ਉਸ ਮੋਰਚੇ ਦੀ ਸਫਲਤਾ ਲਈ ਹਰ ਇੱਕ ਧਿਰ ਦਾ ਸਾਥ ਦੇਣਾ ਬਹੁਤ ਜ਼ਰੂਰੀ ਹੁੰਦਾ ਹੈ, ਪਰ ਜੇ ਇੱਕ ਵੀ ਧਿਰ ਆਪਣੇ ਨਿੱਜੀ ਲਾਭਾਂ ਲਈ ਓਥੋਂ ਦੇ ਸਾਂਝੇ ਹਿੱਤਾਂ ਤੋਂ ਉਲਟ ਚੱਲਣ ਲੱਗ ਪਏ ਤਾਂ ਮੋਰਚੇ ਦੀ ਕਾਮਯਾਬੀ ਸ਼ੱਕੀ ਹੋ ਜਾਂਦੀ ਹੈ। ਭਾਰਤ ਵਿੱਚ ਵੀ ਇਹੋ ਹਾਲ ਹੁੰਦਾ ਦਿੱਸ ਰਿਹਾ ਹੈ। ਲੋਕ ਕੋਰੋਨਾ ਦੀ ਮਹਾਮਾਰੀ ਤੋਂ ਘਬਰਾਏ ਹੋਏ ਹਨ। ਰਾਜਸੀ ਆਗੂਆਂ ਨੇ ਏਸੇ ਸਾਲ ਬਿਹਾਰ ਵਿੱਚ ਹੋ ਰਹੀਆਂ ਵਿਧਾਨ ਸਭਾ ਚੋਣਾਂ ਲਈ ਓਸੇ ਤਰ੍ਹਾਂ ਮੋਰਚੇਬੰਦੀ ਆਰੰਭ ਕਰ ਦਿੱਤੀ ਹੈ, ਜਿਵੇਂ ਦੁਨੀਆ ਦੇ ਦੂਸਰੇ ਸਿਰ ਵੱਸਦੇ ਅਮਰੀਕਾ ਦਾ ਰਾਸ਼ਟਰਪਤੀ ਦੂਸਰੀ ਵਾਰ ਇਹੋ ਅਹੁਦਾ ਮਾਨਣ ਦੇ ਲਈ ਪ੍ਰਚਾਰ ਕਰਨ ਰੁੱਝਾ ਪਿਆ ਹੈ। ਪੱਛਮੀ ਬੰਗਾਲ ਦੀਆਂ ਚੋਣਾਂ ਬਿਨਾਂ ਸ਼ੱਕ ਬਿਹਾਰ ਤੋਂ ਕੁਝ ਚਿਰ ਬਾਅਦ ਹੋਣੀਆਂ ਹਨ, ਪਰ ਰਾਜਨੀਤੀ ਦੇ ਚਸਕੇਬਾਜ਼ ਉਸ ਮੋਰਚੇ ਵੱਲ ਵੀ ਅਗੇਤੇ ਹੀ ਰੁੱਝ ਗਏ ਹਨ ਅਤੇ ਵੀਡੀਓ ਕਾਨਫਰੰਸਾਂ ਰਾਹੀਂ ਚੋਣ ਬੈਠਕਾਂ ਕਰਦੇ ਪਏ ਹਨ। ਉਨ੍ਹਾਂ ਲਈ ਇਹ ਕੰਮ ਉਸੇ ਦਿਨੋਂ ਪਮੁੱਖ ਰਿਹਾ ਹੈ, ਜਦੋਂ ਤੋਂ ਉਹ ਰਾਜਨੀਤੀ ਵਿੱਚ ਆਏ ਹੋਣਗੇ ਤੇ ਆਖਰੀ ਸਾਹ ਤੱਕ ਇਹੀ ਮੁੱਖ ਕੰਮ ਰਹਿਣਾ ਹੈ।

ਭਾਰਤ ਦੇ ਛੇ ਰਾਜ ਇਸ ਵਕਤ ਕੋਰੋਨਾ ਵਾਇਰਸ ਦੇ ਪੱਖੋਂ ਵੱਡੀ ਚਿੰਤਾ ਵਾਲੇ ਹਨ। ਮਹਾਰਾਸ਼ਟਰ ਵਿੱਚ ਕੇਸਾਂ ਦੀ ਗਿਣਤੀ ਇੱਕ ਲੱਖ ਟੱਪ ਗਈ ਹੈ ਤੇ ਮੌਤਾਂ ਦੀ ਗਿਣਤੀ ਪੌਣੇ ਚਾਰ ਹਜ਼ਾਰ ਨੂੰ ਪੁੱਜ ਚੁੱਕੀ ਹੈ। ਗੁਜਰਾਤ ਰਾਜ ਵਿੱਚ ਇਸ ਵੇਲੇ ਮੌਤਾਂ ਦੀ ਗਿਣਤੀ ਚੌਦਾਂ ਸੌ ਨੂੰ ਟੱਪੀ ਪਈ ਹੈ ਤੇ ਦੇਸ਼ ਦੀ ਰਾਜਧਾਨੀ ਦਿੱਲੀ ਵੀ ਗਿਆਰਾਂ ਸੌ ਟੱਪ ਚੁੱਕੀ ਹੈ। ਪੱਛਮੀ ਬੰਗਾਲ ਵਿੱਚ ਮੌਤਾਂ ਸਾਢੇ ਚਾਰ ਸੌ ਤੋਂ ਵੱਧ ਹੋਈਆਂ ਹਨ ਤੇ ਉੱਤਰ ਪ੍ਰਦੇਸ਼ ਤੇ ਤਾਮਿਲ ਨਾਡੂ ਦੋਵੇਂ ਤਿੰਨ-ਤਿੰਨ ਸੌ ਨੂੰ ਟੱਪ ਕੇ ਅੱਗੇ ਨਿਕਲ ਚੁੱਕੇ ਹਨ। ਦਿੱਲੀ ਨਾਲੋਂ ਦੁੱਗਣੀ ਆਬਾਦੀ ਵਾਲੇ ਪੰਜਾਬ ਵਿੱਚ ਅਜੇ ਸੱਤਰ ਤੋਂ ਘੱਟ ਮੌਤਾਂ ਹੋਈਆਂ ਹਨ, ਪਰ ਪਿਛਲੇ ਹਫਤੇ ਵਿੱਚ ਜਿੰਨੀ ਕੁ ਤੇਜ਼ੀ ਵੇਖਣ ਨੂੰ ਮਿਲੀ ਹੈ, ਉਸ ਨੂੰ ਵੇਖ ਕੇ ਡਰ ਲੱਗਦਾ ਹੈ ਕਿ ਕਿਸੇ ਵੇਲੇ ਵੀ ਲੜੀ ਬੱਝਣ ਦੀ ਨੌਬਤ ਆ ਸਕਦੀ ਹੈ। ਇਸ ਮੌਕੇ ਸਾਰੀਆਂ ਧਿਰਾਂ ਦੀ ਇੱਕਸੁਰਤਾ ਦੀ ਲੋੜ ਮੰਨਣ ਦੇ ਬਾਵਜੂਦ ਨਾ ਪਾਰਟੀਆਂ ਇੱਕ ਦੂਸਰੀ ਨਾਲ ਇੱਕਸੁਰਤਾ ਬਣਾ ਰਹੀਆਂ ਹਨ ਤੇ ਨਾ ਪਾਰਟੀਆਂ ਦੇ ਆਪਣੇ ਅੰਦਰਲੇ ਮੱਤਭੇਦ ਘੱਟ ਹੋਣ ਦਾ ਨਾਂਅ ਲੈ ਰਹੇ ਹਨ। ਸਿਰਫ ਇੱਕ ਅਕਾਲੀ ਪਾਰਟੀ ਹੈ, ਜਿਸ ਵਿੱਚ ਅੰਦਰੂਨੀ ਖਿੱਚੋਤਾਣ ਨਹੀਂ ਦਿੱਸਦੀ ਅਤੇ ਉਹ ਇਸ ਲਈ ਕਿ ਉਹ ਅੱਜਕੱਲ੍ਹ ਪਾਰਟੀ ਨਹੀਂ ਰਹੀ, ਬਿਜ਼ਨੈਸਮੈਨ ਪ੍ਰਧਾਨ ਨੇ ਸਿਆਸੀ ਬਿਜ਼ਨਿਸ ਵਾਲੀ ਦੁਕਾਨ ਬਣਾ ਕੇ ਏਦਾਂ ਚਲਾਉਣੀ ਆਰੰਭ ਕਰ ਦਿੱਤੀ ਹੈ ਕਿ ਜਿਸ ਕਿਸੇ ਲੀਡਰ ਨੇ ਮੱਤਭੇਦ ਵਿਖਾਏ, ਅਗਲੇ ਦਿਨ ਕੰਪਨੀ ਵਿੱਚ ਉਸ ਦੀ ਰਾਜਸੀ ਨੌਕਰੀ ਖਤਮ ਕਰਨ ਦਾ ਨੋਟਿਸ ਆ ਜਾਵੇਗਾ ਤੇ ਮੋੜੇ ਦਾ ਕੋਈ ਰਾਹ ਨਹੀਂ ਰਹਿ ਜਾਣਾ। ਕਾਂਗਰਸ ਪਾਰਟੀ ਦਾ ਕਦੀ ਕੋਈ ਲੀਡਰ ਤੇ ਕਦੀ ਕੋਈ ਧੜਾ ਦਿੱਲੀ ਵਿੱਚ ਜਾ ਕੇ ਅਣਹੋਈ ਜਿਹੀ ਜਾਪਦੀ ਹਾਈ ਕਮਾਂਡ ਨੂੰ ਆਪਣੇ ਮੁੱਖ ਮੰਤਰੀ ਦੇ ਖਿਲਾਫ ਏਦਾਂ ਅਰਜ਼ੀਆਂ ਦੇਂਦਾ ਰਹਿੰਦਾ ਹੈ, ਜਿਵੇਂ ਰਾਜ ਸਰਕਾਰ ਦੇ ਖਿਲਾਫ ਆਮ ਲੋਕੀਂ ਸੁਪਰੀਮ ਕੋਰਟ ਵੱਲ ਤੁਰੇ ਜਾਂਦੇ ਹਨ। ਆਮ ਆਦਮੀ ਪਾਰਟੀ ਵਿੱਚ ਇੱਕ ਧੜਾ ਇਸ ਗੱਲ ਲਈ ਸਰਗਰਮ ਹੈ ਕਿ ਨਵਜੋਤ ਸਿੰਘ ਸਿੱਧੂ ਨੂੰ ਆਪਣੇ ਨਾਲ ਲੈ ਲਈਏ ਤੇ ਦੂਸਰਾ ਧੜਾ ਇਸ ਗੱਲ ਲਈ ਸਿਰ ਪਰਨੇ ਹੋਇਆ ਪਿਆ ਹੈ ਕਿ ਸਿੱਧੂ ਨੂੰ ਏਧਰ ਆਉਣ ਨਹੀਂ ਦੇਣਾ।

ਜਦੋਂ ਇਹ ਸਭ ਕੁਝ ਹੁੰਦਾ ਪਿਆ ਸੀ, ਓਦੋਂ ਇਹ ਖਬਰ ਮਿਲ ਗਈ ਹੈ ਕਿ ਪੰਜਾਬ ਕਾਂਗਰਸ ਦਾ ਵੱਡਾ ਆਗੂ ਤੇ ਪਾਰਲੀਮੈਂਟ ਮੈਂਬਰ ਸਾਬਕਾ ਪ੍ਰਧਾਨ ਪ੍ਰਤਾਪ ਸਿੰਘ ਬਾਜਵਾ ਭਾਰਤੀ ਜਨਤਾ ਪਾਰਟੀ ਵਿੱਚ ਜਾ ਸਕਦਾ ਹੈ ਤੇ ਭਾਜਪਾ ਉਸ ਨੂੰ ਪੰਜਾਬ ਵਿੱਚ ਸਿੱਖ ਚਿਹਰੇ ਵਜੋਂ ਉਭਾਰਨ ਦੀ ਨੀਤੀ ਦਾ ਧੁਰਾ ਬਣਾਏਗੀ। ਕਿਸ ਪਾਰਟੀ ਦਾ ਕਿਹੜਾ ਆਗੂ ਕਦੋਂ ਕਿਸ ਪਾਸੇ ਤੁਰ ਜਾਵੇ, ਇਸ ਬਾਰੇ ਕੁਝ ਕਿਹਾ ਨਹੀਂ ਜਾ ਸਕਦਾ, ਪਰ ਪ੍ਰਤਾਪ ਸਿੰਘ ਬਾਜਵਾ ਦਾ ਭਾਜਪਾ ਨਾਲ ਜੁੜਨਾ ਕਿਸੇ ਨੂੰ ਹਕੀਕੀ ਗੱਲ ਨਹੀਂ ਜਾਪ ਰਹੀ। ਉਹ ਖੁਦ ਵੀ ਇਹੋ ਕਹਿੰਦਾ ਹੈ ਕਿ ਮੈਂ ਕਾਂਗਰਸ ਛੱਡ ਕੇ ਕਦੀ ਵੀ ਹੋਰ ਕਿਸੇ ਪਾਸੇ ਵੱਲ ਨਹੀਂ ਜਾਣਾ। ਫਿਰ ਵੀ ਇਹ ਸੱਚ ਹੈ ਕਿ ਭਾਜਪਾ ਕੋਈ ਸਿੱਖ ਚਿਹਰਾ ਅੱਗੇ ਲਾਉਣ ਲਈ ਸਭ ਘੋੜੇ ਭਜਾ ਰਹੀ ਹੈ। ਉਸ ਦੇ ਏਲਚੀਆਂ ਨੇ ਨਵਜੋਤ ਸਿੰਘ ਸਿੱਧੂ ਨੂੰ ਇੱਕ ਵਾਰੀ ਫਿਰ ਇਸ ਪਾਸੇ ਖਿੱਚਣ ਲਈ ਯਤਨ ਕੀਤੇ ਸਨ, ਪਰ ਗੱਲ ਨਹੀਂ ਬਣੀ। ਅਗਲੀਆਂ ਚੋਣਾਂ ਬਾਰੇ ਭਾਜਪਾ ਦੇ ਬਹੁਤ ਸਾਰੇ ਲੀਡਰ ਸਿੱਧੇ ਸ਼ਬਦਾਂ ਵਿੱਚ ਕਹਿੰਦੇ ਹਨ ਕਿ ਅਕਾਲੀਆਂ ਨਾਲ ਇਸ ਵਾਰੀ ਅਸੀਂ ਸਮਝੌਤਾ ਕਰਨਾ ਹੀ ਨਹੀਂ, ਕਿਉਂਕਿ ਜਿਸ ਬਰਗਾੜੀ ਤੇ ਬਹਿਬਲ ਕਲਾਂ ਦੇ ਕਾਂਡ ਪਿਛਲੀ ਵਾਰੀ ਅਕਾਲੀ-ਭਾਜਪਾ ਗੱਠਜੋੜ ਦਾ ਰਾਹ ਰੋਕ ਖੜੋਤੇ ਸਨ, ਉਨ੍ਹਾਂ ਦਾ ਗੁੱਸਾ ਅੱਜ ਵੀ ਪੰਜਾਬ ਦੇ ਲੋਕਾਂ ਵਿੱਚ ਕਾਇਮ ਹੈ। ਇਸ ਦੇ ਨਾਲ ਉਹ ਇਹ ਗੱਲ ਵੀ ਕੌੜ ਨਾਲ ਕਹਿੰਦੇ ਹਨ ਕਿ ਪੰਜਾਬ ਵਿੱਚ ਜਿੱਤ ਕੇ ਹਰ ਵਾਰ ਅਸੀਂ ਇਨ੍ਹਾਂ ਨੂੰ ਰਾਜ ਕਰਨ ਜੋਗੇ ਕਰਦੇ ਹਾਂ ਤੇ ਇਹ ਹਾਰ ਵਾਰੀ ਨਾਲ ਲੱਗਦੇ ਹਰਿਆਣੇ ਵਿੱਚ ਸਾਨੂੰ ਹਰਾਉਣ ਲਈ ਚੌਟਾਲਿਆਂ ਦੀ ਮੁਹਿੰਮ ਦੀ ਕਮਾਨ ਸੰਭਾਲਣ ਪਹੁੰਚ ਜਾਂਦੇ ਹਨ। ਤੀਸਰੀ ਕੌੜ ਉਨ੍ਹਾਂ ਨੂੰ ਇਹ ਹੈ ਕਿ ਜਦੋਂ ਵੀ ਭਾਜਪਾ ਕਿਸੇ ਗੱਲ ਤੋਂ ਜ਼ਰਾ ਅੱਖਾਂ ਦਿਖਾਵੇ ਤਾਂ ਇਹ ਸ੍ਰੀ ਅਕਾਲ ਤਖਤ ਦੇ ਜਥੇਦਾਰ ਜਾਂ ਸ਼੍ਰੋਮਣੀ ਗੁਰ-ਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਤੋਂ ਏਦਾਂ ਦਾ ਬਿਆਨ ਦਿਵਾ ਛੱਡਦੇ ਹਨ, ਜਿਹੜਾ ਭਾਜਪਾ ਲੀਡਰਸ਼ਿਪ ਪ੍ਰਵਾਨ ਨਹੀਂ ਕਰ ਸਕਦੀ। ਉਨ੍ਹਾਂ ਦੀ ਸਮਝ ਇਹ ਹੈ ਕਿ ਅਕਾਲੀ ਲੀਡਰਸ਼ਿਪ ਨੂੰ ਨਾ ਸਿੱਖਾਂ ਦੇ ਭਲੇ ਦੀ ਚਿੰਤਾ ਹੈ, ਨਾ ਖਾਲਿਸਤਾਨ ਦੇ ਵਿਚਾਰ ਨਾਲ ਸਹਿਮਤੀ ਹੈ, ਪਰ ਭਾਜਪਾ ਨੂੰ ਅੱਖਾਂ ਦਿਖਾਉਣ ਲਈ ਇਹੋ ਜਿਹੇ ਮੁੱਦੇ ਆਪ ਸਿੱਧੇ ਚੁੱਕਣ ਦੀ ਥਾਂ ਪਾਸੇ ਤੋਂ ਉਭਾਰਨ ਦੇ ਹਾਲਾਤ ਬਣਾਉਂਦੇ ਹਨ ਅਤੇ ਫਿਰ ਇਸ ਦਾ ਰਾਜਸੀ ਮੁੱਲ ਵੱਟਣਾ ਚਾਹੁੰਦੇ ਹਨ। ਇਸ ਵਾਰੀ ਇਹ ਪੱਤਾ ਭਾਜਪਾ ਆਗੂ ਨਹੀਂ ਚੱਲਣ ਦੇਣਾ ਚਾਹੁੰਦੇ। ਜਿਹੜੀ ਗੱਲ ਦੀ ਆਮ ਸਿਆਸੀ ਮਾਹਰਾਂ ਵਿੱਚ ਚਰਚਾ ਹੈ, ਉਹ ਇਹ ਹੈ ਕਿ ਮਾਹੌਲ ਗਰਮ ਰੱਖ ਕੇ ਭਾਜਪਾ ਚੋਣਾਂ ਦੇ ਦਿਨਾਂ ਤੱਕ ਉਡੀਕ ਕਰੇਗੀ ਤੇ ਅਚਾਨਕ ਨੇੜੇ ਜਾ ਕੇ ਢੀਂਡਸਾ ਪਿਤਾ-ਪੁੱਤਰ ਨੂੰ ਸਿੱਧਾ ਆਪਣੇ ਨਾਲ ਜੋੜ ਕੇ ਜਾਂ ਉਨ੍ਹਾਂ ਵੱਲੋਂ ਕੋਈ ਨਵੀਂ ਅਕਾਲੀ ਧਿਰ ਖੜੀ ਕਰਵਾ ਕੇ ਉਸ ਨਾਲ ਗੱਠਜੋੜ ਕਰ ਕੇ ਮੈਦਾਨ ਵਿੱਚ ਆ ਸਕਦੀ ਹੈ। ਬਿਜ਼ਨਿਸ ਕੰਪਨੀ ਬਣ ਚੁੱਕੇ ਅਕਾਲੀ ਦਲ ਵਿੱਚ ਏਦਾਂ ਦੇ ਬੜੇ ਆਗੂ ਬੈਠੇ ਹਨ, ਜਿਹੜੇ ਇਸ ਪੈਂਤੜੇ ਲਈ ਭਾਜਪਾ ਵੱਲ ਮੋੜਾ ਕੱਟਣ ਨੂੰ ਤਿਆਰ ਹੋ ਸਕਦੇ ਹਨ।

ਫਿਰ ਵੀ ਸੌ ਸਵਾਲਾਂ ਦਾ ਸਵਾਲ ਇਹ ਹੈ ਕਿ ਜਿਹੜੇ ਭਾਰਤ ਵਿੱਚ ਅੱਧ ਫਰਵਰੀ ਵਿੱਚ ਕੋਰੋਨਾ ਦੇ ਤਿੰਨ ਕੇਸਾਂ ਤੋਂ ਬਿਮਾਰੀ ਸ਼ੁਰੂ ਹੋਈ ਅਤੇ ਜੂਨ ਅੱਧ ਤੱਕ ਤਿੰਨ ਲੱਖ ਨੂੰ ਟੱਪ ਚੁੱਕੀ ਹੈ, ਉਸ ਵਿੱਚ ਪੰਜਾਬ ਦੀਆਂ ਪੌਣੇ ਦੋ ਸਾਲਾਂ ਨੂੰ ਹੋਣ ਵਾਲੀਆਂ ਚੋਣਾਂ ਤੱਕ ਇਨ੍ਹਾਂ ਕੇਸਾਂ ਦੀ ਲੜੀ ਕੀ ਦੇਸ਼ ਨੂੰ ਚੋਣਾਂ ਲੜਨ ਜੋਗਾ ਛੱਡੇਗੀ? ਬਾਰਾਂ ਮਾਰਚ ਨੂੰ ਜਿਸ ਭਾਰਤ ਵਿਚ ਪਹਿਲੀ ਮੌਤ ਹੋਈ ਤੇ ਬਾਰਾਂ ਜੂਨ ਟੱਪਣ ਤੱਕ ਸਿਰਫ ਤਿੰਨ ਮਹੀਨਿਆਂ ਵਿੱਚ ਨੌਂ ਹਜ਼ਾਰ ਨੇੜੇ ਪਹੁੰਚ ਗਈ ਹੈ, ਉਸ ਵਿੱਚ ਜਦੋਂ ਹੋਰ ਚਾਰ ਮਹੀਨਿਆਂ ਨੂੰ ਬਿਹਾਰ ਵਿੱਚ ਚੋਣਾਂ ਹੋਣੀਆਂ ਹਨ, ਏਸੇ ਰਫਤਾਰ ਨਾਲ ਗਿਣਤੀ ਹੋਰ ਦਸ-ਪੰਦਰਾਂ ਹਜ਼ਾਰ ਟੱਪ ਕੇ ਲੱਖ ਦੇ ਚੌਥੇ ਹਿੱਸੇ ਨੇੜੇ ਪੁੱਜ ਸਕਦੀ ਹੈ। ਅੱਧਾ ਸਾਲ ਹੋਰ ਲੰਘਾ ਕੇ ਜਦੋਂ ਪੱਛਮੀ ਬੰਗਾਲ ਦੀ ਵਿਧਾਨ ਸਭਾ ਚੋਣ ਦਾ ਸਮਾਂ ਆਇਆ, ਓਦੋਂ ਤੱਕ ਕਿਸ ਹੱਦ ਤੱਕ ਜਾ ਪਹੁੰਚੇਗੀ, ਇਸ ਦਾ ਪਤਾ ਨਹੀਂ। ਉਨ੍ਹਾਂ ਹਾਲਾਤ ਵਿੱਚ ਕੀ ਭਾਰਤ ਦੇ ਲੋਕ ਏਨੇ ਸੰਵੇਦਨਾਹੀਣ ਹੋ ਜਾਣਗੇ ਕਿ ਉਹ ਡੋਨਾਲਡ ਟਰੰਪ ਵਾਂਗ ਕਿਸੇ ਰਾਜਸੀ ਆਗੂ ਦੀ ਰਾਜ ਦਾ ਸੁੱਖ ਮਾਣਦੇ ਰਹਿਣ ਜਾਂ ਕਿਸੇ ਹੋਰ ਨੂੰ ਪਰਖਣ ਲਈ ਵੈਣ ਪਾਉਣੇ ਭੁੱਲ ਕੇ ਵੋਟਾਂ ਪਾਉਣ ਤੁਰ ਪੈਣਗੇ? ਇਹ ਗੱਲ ਸੋਚਣਾ ਆਪਣੇ ਆਪ ਵਿੱਚ ਮੂਰਖਤਾ ਜਾਪਦਾ ਹੈ। ਡਰ ਸਗੋਂ ਇਸ ਗੱਲ ਦਾ ਹੈ ਕਿ ਓਦੋਂ ਤੱਕ ਭਾਰਤ ਇਸ ਲਈ ਬਦ-ਅਮਨੀ ਦੇ ਰਾਹ ਪੈ ਸਕਦਾ ਹੈ ਕਿ ਕੋਰੋਨਾ ਦੇ ਕਾਰਨ ਕਾਰਖਾਨੇ ਤੇ ਹੋਰ ਕਾਰੋਬਾਰ ਠੱਪ ਹੋਣ ਨਾਲ ਜਿਨ੍ਹਾਂ ਲੋਕਾਂ ਕੋਲ ਖਾਣ ਲਈ ਕੁਝ ਨਹੀਂ, ਉਹ ਆਪਣੇ ਢਿੱਡ ਦੀ ਭੁੱਖੋਂ ਤੰਗ ਆ ਕੇ ਕਿਸੇ ਵੀ ਹੱਦ ਤੱਕ ਬੇਕਾਬੂ ਹੋ ਸਕਦੇ ਹਨ। ਕੇਂਦਰ ਜਾਂ ਰਾਜਾਂ ਦੇ ਰਾਜ ਕਰਤਿਆਂ ਵਿੱਚੋਂ ਕਿਸੇ ਦੇ ਵੀ ਇਹ ਗੱਲ ਸੁਫਨੇ ਵਿੱਚ ਨਹੀਂ ਆ ਰਹੀ ਕਿ ਇਹੋ ਜਿਹੇ ਹਾਲਾਤ ਪੈਦਾ ਹੋ ਗਏ ਤਾਂ ਭਾਰਤ ਵਿੱਚ ਚੋਣਾਂ ਦੀ ਥਾਂ ਰੋਣਾ ਭਾਰੂ ਹੋ ਸਕਦਾ ਹੈ ਤੇ ਜੇ ਏਦਾਂ ਹੋਇਆ ਤਾਂ ਸਿਰਫ ਲੋਕ ਨਹੀਂ, ਲੀਡਰ ਵੀ ਇਸ ਨੂੰ ਨਾਲ ਹੀ ਭੁਗਤਣਗੇ।

# ਮਾਂ ਦੀਆਂ ਚਾਰ ਬੁੱਕਲਾਂ

-ਮਨਜੀਤ ਕੌਰ ਬਰਾੜ

ਮੇਰੇ ਪੇਕਿਆਂ ਤੋਂ ਜਦੋਂ ਵੀ ਕੋਈ ਵੇਲੇ ਕੁਵੇਲੇ ਫੋਨ ਆਉਂਦਾ, ਮੇਰੀ ਜਾਨ ਹੀ ਨਿਕਲ ਜਾਂਦੀ। ਮੈਨੂੰ ਲੱਗਦਾ ਕਿ ਕਿਤੇ ਮੇਰੀ ਮਾਂ ਨੂੰ ਨਾ ਕੁਝ ਹੋ ਗਿਆ ਹੋਵੇ। ਉਹ ਅੰਦਾਜ਼ਨ ਅੱਠ ਦਹਾਕੇ ਭੋਗ ਚੁੱਕੀ ਸੀ ਤੇ ਹੁਣ ਕਈ ਸਾਲਾਂ ਤੋਂ ਮੰਜੇ 'ਤੇ ਪਈ ਸੀ। ਬਸ ਕੰਧ ਨੂੰ ਹੱਥ ਪਾ ਕੇ ਆਪਣਾ ਨਿੱਤ ਨੇਮ ਦਾ ਡੰਗ ਸਾਰ ਲੈਂਦੀ ਸੀ। ਮੈਂ ਪੰਦਰਾਂ ਵੀਹ ਦਿਨਾਂ ਬਾਅਦ ਉਸ ਨੂੰ ਮਿਲਣ ਲਈ ਪਿੰਡ ਗੇੜਾ ਮਾਰ ਲੈਂਦੀ। ਉਹ ਹਮੇਸ਼ਾ ਦੀ ਤਰ੍ਹਾਂ ਮੈਨੂੰ ਉਡਕਦੀ ਮਿਲਦੀ। ਜਦੋਂ ਮੈਂ ਜਾਂਦੀ, ਮੈਨੂੰ ਆਪਣੀ ਬੁੱਕਲ 'ਚ ਲੈ ਲੈਂਦੀ, ਮੇਰਾ ਸਿਰ ਪਲੋਸਦੀ, ਪਿਆਰ ਕਰਦੀ ਅਤੇ ਆਪਣੇ ਕੋਲ ਮੰਜੇ 'ਤੇ ਬਿਠਾ ਲੈਂਦੀ। ਮੇਰੇ ਨਾਲ ਬੀਤੇ ਸਮੇਂ ਦੀਆਂ ਗੱਲਾਂ ਛੇੜ ਲੈਂਦੀ। ਸਾਡੇ ਬਚਪਨ ਦੀਆਂ ਗੱਲਾਂ ਯਾਦ ਕਰ ਕੇ ਕਦੇ ਉਹ ਹਸਦੀ, ਕਦੇ ਮੇਰੇ ਪਿਓ ਨੂੰ ਅਤੇ ਆਪਣੇ ਵਿਛੜ ਚੁੱਕੇ ਭੈਣ ਭਰਾਵਾਂ ਨੂੰ ਯਾਦ ਕਰਕੇ ਰੋਣ ਲੱਗ ਜਾਂਦੀ। ਕਈ ਵਾਰ ਮੈਨੂੰ ਕਹਿੰਦੀ, 'ਧੀਏ, ਰੋਟੀ ਕੱਪੜਾ ਤਾਂ ਜੇਲ ਵਿੱਚ ਕੈਦੀਆਂ ਨੂੰ ਵੀ ਮਿਲ ਜਾਂਦਾ ਏ। ਬੁਢਾਪੇ 'ਚ ਲੋੜ ਹੁੰਦੀ ਹੈ ਸਾਥ ਦੀ, ਪਰ ਅੱਜ ਕੱਲ੍ਹ ਤਾਂ ਕੋਈ ਆਪਸ ਵਿੱਚ ਨਹੀਂ ਬੋਲਦਾ, ਮੇਰੇ ਨਾਲ ਕਿਸੇ ਨੇ ਕੀ ਬੋਲਣੈ। ਹਰੇਕ ਦੇ ਹੱਥ ਵਿੱਚ ਫੋਨ ਫੜਿਆ ਹੋਇਆ ਏ ਤੇ ਉਸੇ 'ਤੇ ਅੱਖਾਂ ਗੱਡੀ ਰੱਖਦੇ ਨੇ, 'ਕੱਲੇ ਹੱਸੀ ਜਾਂਦੇ ਨੇ। ਸਾਡੇ ਵੇਲੇ ਇਵੇਂ ਕਰਨ ਵਾਲਿਆਂ ਨੂੰ ਕਹਿੰਦੇ ਸੀ ਜਾਂ ਤਾਂ ਇਹ ਕਮਲਾ ਹੋ ਗਿਆ ਜਾਂ ਫਿਰ ਇਸ ਵਿੱਚ ਕੋਈ ਓਪਰੀ 'ਵਾ ਆ ਗਈ ਏ।'

ਰਾਤ ਨੂੰ ਮੈਂ ਸੌਂ ਜਾਂਦੀ, ਪਰ ਆਪ ਉਹ ਜਾਗਦੀ ਰਹਿੰਦੀ। ਕਦੇ ਮੇਰੇ ਸਿਰ 'ਤੇ ਹੱਥ ਫੇਰਦੀ, ਕਦੇ ਪੈਰ ਦੱਬਦੀ ਕਦੇ ਚਾਦਰ ਖੇਸ ਠੀਕ ਕਰਦੀ ਰਹਿੰਦੀ। ਆਉਣ ਵੇਲੇ ਫੇਰ ਆਪਣੀ ਬੁੱਕਲ 'ਚ ਲੈ ਕੇ ਰੋਣ ਲੱਗ ਜਾਂਦੀ। ਮੈਂ ਮਾਂ ਦੀਆਂ ਭਾਵਨਾਵਾਂ ਨੂੰ ਸਮਝਦੀ ਸੀ। ਉਹ ਇਕੱਲਤਾ ਦੀ ਮਾਰੀ ਪਈ ਸੀ। ਇਹੀ ਕਾਰਨ ਸੀ ਕਿ ਉਹ ਮੈਨੂੰ ਉਡੀਕਦੀ ਰਹਿੰਦੀ। ਜਿਸ ਦਿਨ ਉਸ ਨੂੰ ਮੇਰੇ ਆਉਣ ਦਾ ਪਤਾ ਹੁੰਦਾ, ਉਹ ਹੌਲੀ-ਹੌਲੀ ਤੁਰ ਕੇ ਦਰਵਾਜ਼ੇ ਦੀ ਦਹਿਲੀਜ਼ ਦੇ ਅੰਦਰ ਬਾਹਰ ਪੀੜ੍ਹੀ ਡਾਹ ਕੇ ਬੈਠੀ ਹੁੰਦੀ। ਮੈਂ ਮਾਂ ਨੂੰ ਸਮਝਾਉਂਦੀ ਕਿ ਤੂੰ ਕਿਉਂ ਔਖੀ ਹੋਈ, ਆਉਣਾ ਤਾਂ ਮੈਂ ਅੰਦਰ ਹੀ ਸੀ।

ਉਸ ਦਿਨ ਮਾਂ ਨੇ ਗੱਲਾਂ ਘੱਟ ਕੀਤੀਆਂ, ਪਰ ਰੋਈ ਬਹੁਤਾ। ਮੇਰੇ ਪੁੱਛਣ ਉੱਤੇ ਵੀ ਟਾਲ ਮਟੋਲ ਕਰਦੀ ਰਹੀ। ਜਦੋਂ ਮੈਂ ਖਹਿੜੇ ਪੈ ਗਈ ਤੇ ਭਰੇ ਗਲੇ ਨਾਲ ਰੋਸਾ ਦਿਖਾਇਆ ਤਾਂ ਬੋਲੀ, 'ਮੈਂ ਸੋਚਦੀ ਹਾਂ ਜੇ ਮੈਨੂੰ ਕੁਝ ਹੋ ਗਿਆ ਤਾਂ ਤੂੰ ਰੋਂਦੀ ਆਵੇਂਗੀ। ਤੈਨੂੰ ਚੁੱਪ ਕੌਣ ਕਰਾਊ? ਤੂੰ ਰੋਈ ਨਾ..ਮੈਂ ਹੁਣ ਜਾਣਾ ਹੀ ਹੈ ਧੀਏ, ਉਮਰ ਭੋਗੀ ਬੈਠੀ ਹਾਂ।' ਮਾਂ ਦੀ ਗੱਲ ਸੁਣ ਕੇ ਮੈਂ ਅੰਦਰ ਤੱਕ ਕੰਬ ਗਈ, ਪਰ ਆਪਣੇ ਹਾਵ ਭਾਵ ਚਿਹਰੇ 'ਤੇ ਨਾ ਆਉਣ ਦਿੱਤੇ। ਮਾਂ ਨੂੰ ਜੱਫੀ ਪਾ ਕੇ ਕਿਹਾ, 'ਮਾਂ ਅਜਿਹੀਆਂ ਗੱਲਾਂ ਨਾ ਸੋਚਿਆ ਕਰ, ਕੁਝ ਨਹੀਂ ਹੋਣ ਲਗਾ।' ਗੱਲਾਂ-ਗੱਲਾਂ ਵਿੱਚ ਮਾਂ ਸਹਿਜ ਹੋ ਗਈ, ਪਰ ਮੈਂ ਸੋਚੀ ਜਾਵਾਂ, ਰੱਬਾ, ਤੂੰ ਮਾਂ ਕੀ ਸ਼ੈਅ ਬਣਾਈ, ਜਿਸ ਨੂੰ ਆਪਣੇ ਮਰਨ ਦਾ ਦੁੱਖ ਨਹੀਂ, ਮੇਰੇ ਰੋਣ ਦਾ ਹੈ।

ਫੇਰ ਉਹੀ ਹੋਇਆ, ਜਿਸ ਦਾ ਡਰ ਸੀ। ਇਕ ਦਿਨ ਸੁਨੇਹਾ ਆਇਆ ਕਿ ਮਾਂ ਚਲੀ ਗਈ। ਮੈਂ ਬਹੁਤ ਰੋਈ। ਮੈਨੂੰ ਪਹਿਲੀ ਵਾਰ ਇਸ ਗੱਲ ਦਾ ਅਹਿਸ-ਾਸ ਹੋਇਆ ਕਿ ਜਦੋਂ ਕੋਈ ਵੱਡਾ ਦਰੱਖਤ ਡਿਗਦਾ ਹੈ ਤਾਂ ਪੱਤੇ ਕਿਵੇਂ ਕੰਬਦੇ ਨੇ। ਭੋਗ ਪੈਣ ਤੋਂ ਆਉਣ ਵੇਲੇ ਤੱਕ ਮੈਨੂੰ ਮਾਂ ਬਹੁਤ ਯਾਦ ਆਈ। ਉਸ ਦਾ ਮੈਨੂੰ ਉਡੀਕਣਾ, ਬੁੱਕਲ 'ਚ ਲੈਣਾ, ਅੱਖਾਂ ਭਰ ਕੇ ਮੇਰੇ ਵੱਲ ਵੇਖਣਾ, ਮੁੱਠੀ ਵਿੱਚ ਸ਼ਗਨ ਦੇਣਾ, ਉਸ ਦੀ ਨਿੱਘੀ ਛੋਹ ਅਤੇ ਉਸ ਦਾ ਜਲਦੀ ਗੇੜਾ ਮਾਰਨ ਲਈ ਕਹਿਣਾ ਆਦਿ। ਮਾਂ ਤੋਂ ਬਿਨਾਂ ਘਰ ਸੁੰਨਾ-ਸੁੰਨਾ ਲੱਗਦਾ ਸੀ। ਕਦੇ ਮੈਨੂੰ ਮਾਂ ਮਾਲਾ ਫੇਰਦੀ ਦਿਸਦੀ, ਕਦੇ ਖੂੰਡੀ ਨਾਲ ਤੁਰਦੀ ਦਿਸਦੀ। ਭੋਗ ਪੈਣ ਤੋਂ ਬਾਅਦ ਮੈਂ ਆਪਣੇ ਘਰ ਵਾਪਸ ਆ ਗਈ ਅਤੇ ਨਾਲ ਲੈ ਆਈ ਮਾਂ ਦੀ ਮਿੱਠੀ ਯਾਦ।

ਕੁਝ ਦਿਨਾਂ ਬਾਅਦ ਮੇਰਾ ਭਰਾ ਮੈਨੂੰ ਲੈਣ ਆ ਗਿਆ। ਮੈਂ ਅੰਦਰ ਬਾਹਰ ਵੜਦੀ ਫਿਰਾਂ। ਮੈਂ ਕਿਵੇਂ ਆਖਾਂ, ਵੀਰ ਮੈਂ ਨਹੀਂ ਜਾਣਾ ਓਸ ਘਰੇ, ਉਥੇ ਮੇਰਾ ਕੀ ਹੈ ਹੁਣ? ਮਾਂ ਦਾ ਖਾਲੀ ਕਮਰਾ ਤੇ ਖਾਲੀ ਮੰਜਾ ਮੇਰੇ ਤੋਂ ਵੇਖ ਨਹੀਂ ਹੋਣਾ। ਮੈਂ ਰੋਂਦੀ ਹੋਈ ਵੀਰ ਨਾਲ ਆ ਗਈ। ਸਾਰੇ ਰਸਤੇ ਮੇਰੀ ਅੱਖ ਨਾ ਸੁੱਕੀ। ਹੰਝੂਆਂ ਨਾਲ ਭਰੀਆਂ ਅੱਖਾਂ ਵਿੱਚੋਂ ਮੈਨੂੰ ਮਾਂ ਦੇ ਝੌਲੇ ਪਈ ਗਏ। ਜਦੋਂ ਮੈਂ ਘਰੇ ਵੜੀ, ਮੇਰੀ ਵੱਡੀ ਭਾਬੀ ਨੇ ਭੱਜ ਕੇ ਮੈਨੂੰ ਬੁੱਕਲ 'ਚ ਲੈ ਲਿਆ। ਫੇਰ ਦੂਜੀ ਨੇ, ਤੀਜੀ ਨੇ ਤੇ ਬਾਅਦ ਵਿੱਚ ਛੋਟੀ ਨੇ। ਸਾਰੀਆਂ ਨੇ ਚੁੱਪ ਕਰਾਇਆ, ਪਿਆਰ ਕੀਤਾ, ਹੌਸਲਾ ਦਿੱਤਾ ਮਾਂ ਦੀਆਂ ਗੱਲਾਂ ਕਰਦੀਆਂ ਰਹੀਆਂ। ਜਿਸ ਕਮਰੇ ਵਿੱਚ ਮਾਂ ਇਕੱਲੀ ਬੈਠੀ ਰਹਿੰਦੀ ਸੀ, ਅੱਜ ਉਸ ਕਮਰੇ ਵਿੱਚ ਮੇਰੇ ਭਰਾ, ਭਤੀਜੇ ਭਤੀਜੀਆਂ ਅਤੇ ਸਾਰੀਆਂ ਭਾਬੀਆਂ ਮੇਰੇ ਕੋਲ ਬੈਠੀਆਂ ਸਨ। ਅਜਿਹੀ ਰੌਣਕ ਨੂੰ ਮੇਰੀ ਮਾਂ ਤਰਸਦੀ ਮਰ ਗਈ।

ਵਾਪਸੀ ਤੇ ਮੇਰਾ ਮਨ ਸ਼ਾਂਤ ਸੀ। ਬੇਸ਼ੱਕ ਮਾਂ ਦੀ ਬੁੱਕਲ ਨਹੀਂ ਸੀ ਰਹੀ, ਪਰ ਮੈਨੂੰ ਭਾਬੀਆਂ ਦੀਆਂ ਬੁੱਕਲਾਂ 'ਚੋਂ ਮਾਂ ਦੀ ਬੁੱਕਲ ਵਰਗਾ ਨਿੱਘ ਤੇ ਪਿਆਰ ਮਿਲਿਆ ਸੀ। ਮੈਨੂੰ ਗੱਲ ਦਾ ਅਹਿਸਾਸ ਹੋਇਆ ਕਿ ਜਦੋਂ ਤੱਕ ਬਜ਼ੁਰਗਾਂ ਦਾ ਸਾਇਆ ਸਿਰ 'ਤੇ ਹੁੰਦਾ ਹੈ, ਬੱਚੇ ਆਪਣੇ ਫਰਜ਼ਾਂ ਤੇ ਜ਼ਿੰਮੇਵਾਰੀਆਂ ਤੋਂ ਅਵੇਸਲੇ ਰਹਿੰਦੇ ਹਨ, ਜਦੋਂ ਉਹ ਸਾਇਆ ਸਿਰ ਤੋਂ ਉਠ ਜਾਂਦਾ ਹੈ ਤਾਂ ਸਾਰਿਆਂ ਨੂੰ ਆਪਣੇ ਫਰਜ਼ ਅਤੇ ਜ਼ਿੰਮੇਵਾਰੀਆਂ ਨਿਭਾਉਣੀਆਂ ਯਾਦ ਆ ਜਾਂਦੀਆਂ ਹਨ। ਕਾਸ਼! ਇਹ ਸਭ ਉਨ੍ਹਾਂ ਦੇ ਜਿਉਂਦੇ ਜੀਅ ਹੁੰਦਾ ਹੋਵੇ ਤਾਂ ਬਜ਼ੁਰਗਾਂ ਨੂੰ ਆਪਣਾ ਬੁਢੇਪਾ ਬੋਝ ਨਾ ਲੱਗੇ।

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| **Founder Editor** | Jagdish Singh Grewal |
| **Managing Director** | Parminder Kaur Grewal |
| **Contributing Editors** | Gyan Singh; Angrej Singh |
| **Office Admin** | Priya Dhillon |
| **Graphic Designer** | Priya Dhillon |
| **Photographer** | Kanwaljit Singh Kanwal |
| **Distributer** | Aman Warraich |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

ਕਾਮਿਆਂ ਦੀ ਲੋੜ

ਫਾਰਮ ਵਿੱਚ ਕੰਮ ਕਰਨ ਲਈ ਕਾਮਿਆਂ ਦੀ ਤੁਰੰਤ ਜਰੂਰਤ ਹੈ । ਮਟਰ ਤੋੜਨ ਲਈ ਬੀਬੀਆਂ ਦੀ ਵੀ ਲੋੜ ਹੈ। ਪੀਕ ਅਪ ਅਤੇ ਡਰਾਪ ਆਫ ਦਾ ਵੀ ਪੂਰਾ ਪ੍ਰਬੰਧ ਹੈ।
ਵਧੇਰੇ ਜਾਣਕਾਰੀ ਲਈ ਸੰਪਰਕ ਕਰੋ:
ਸੂਬੇਦਾਰ ਗਰੇਵਾਲ
647-400-0060
ਜਾਂ ਬਲਬੀਰ
284-541-5384



BEST CANADIAN TRUCK & FORKLIFT TRAINING CENTRE
Best Canadian Truck & Forklift Training Centre
Registered as a Private Career College Under the Private Career College Act. 2005







AZ Tractor trailer program
Manual transmission & backup training everyday
We welcome welfare workers & compensation clients
Open Seven Days
Forklift Re-Certification Only $79.00/-



Karnail Singh
416.670.3173 | 905.799.7333
27 Edvac Dr, Brampton, ON L6S 5X8

jobs! jobs! jobs! jobs! jobs!

DUNDAS·JAFINE

HELP WANTED
ਕਾਮਿਆਂ ਦੀ ਲੋੜ
ਜਨਰਲ ਲੇਬਰ ਦਾ ਕੰਮ ਉਪਲੱਬਧ ਹੈ

ਬਰੈਂਪਟਨ ਦੇ ਇਲਾਕੇ ਡੰਡਾਸ ਜੈਫਿਨ, Air Distribution Products ਦੀ Leading Manufacture company HVAC Industry ਲਈ ਫੁੱਲ ਟਾਈਮ ਪੋਜੀਸ਼ਨ ਉਪਲੱਬਧ ਹੈ। ਤਿੰਨੋਂ ਸ਼ਿਫਟਾਂ : Day ਅਤੇ Afternoon Available ਹਨ

ਕਾਮਿਆਂ ਨੂੰ ਹੇਠ ਲਿਖੇ ਕਾਰਨ ਵਿੱਚ ਸਮਰੱਥ ਹੋਣਾ ਜਰੂਰੀ ਹੈ:
* ਸੁਤੰਤਰ ਤੌਰ ਤੇ ਕੰਮ ਕਰੋ * 20Lbs ਤੱਕ ਭਾਰ ਚੁੱਕ ਸਕਣ
* ਆਪਣੇ Safety Shoes ਹੋਣੇ ਚਾਹੀ ਦੇ ਹਨ

ਅਪਲਾਈ ਕਰਨ ਲਈ ਆਪ ਪਹੁੰਚੋ:
110 Glidden Rd., Brampton

ਜਾਂ ਫੇਰ ਈ-ਮੇਲ ਕਰੋ:
jbrown@dundasjafine.com
kkaur@dundasjafine.com


A-One Drivers
TRAINING SCHOOL

G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ
ਫਰੀ ਪਿਕਅਪ
Best Rates For Lessons
] ਮੁਫਤ ਪਿਕਅਪ ਅਤੇਂ ਡਰਾਪ ਆਫ਼
] ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਊਂਟ ਸਰਟੀਫਿਕੇਟ
] ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
] ਵਾਜਿਬ ਕੀਮਤ



ਲੇਡੀਜ਼ ਇੰਸਟ੍ਰਕਟਰ
647-998-7500 ਬਲਵਿੰਦਰ

Aikam MEDIA GROUP



Amarjit S Rai
Radio Punjab
Monday to Friday
2:00PM to 3:00PM on 89.5 FM
Aikam TV
Every Saturday on Vision TV
Canada Wide
10:00PM to 11:00PM EST
7:00PM to 8:00PM PST
Aikam Arts Academy
Learn Indian Classical Music
Instruments
Folk Dances
www.aikam.com
For Advertisement on Radio & TV or Learn Indian Classical Music, Instruments and Folk Dances
905-612-1313 info@aikam.com

Visions of Punjab



Natasha Mahal
Co-Host
VISION ZOOMERTV
Airs Across Canada
Every Saturday
1:00 pm to 1:30 pm EST
10:00 am to 10:30 am PST
Mahal Entertainment Inc.
Cell:416-587-5520
Email: iqbalmahal46@gmail.com



Iqbal Mahal
Producer & Host
Serving the South Asian Community Since 1976

GUNTAAS RADIO AM 530
Monday to Friday 10am to 11am
Jaswinder Kaur Taggar
jaswindertaggar3@yahoo.ca
647-765-2340 • For Marketing 647-656-6648

PUNJABI RANG RADIO



CAIO 530AM
11pm-12am
Every Saturday
Chamkaur Singh
Producer/ Host
Cell: 416 662 1313
Email: punjabirang13@hotmail.com

6 ਜੂਨ 020-

## ਅੱਜ ਹਥਿਆਰ ਨਹੀਂ, ਪ੍ਰਚਾਰ ਤੰਤਰ ਨਾਲ ਹਮਲਿਆਂ ਦਾ ਯੁੱਗ ਹੈ

-ਆਲੋਕ ਮਹਿਤਾ

ਸੱਚਮੁੱਚ ਹਥਿਆਰਾਂ ਦੇ ਕਾਰਖਾਨੇ ਘਾਟੇ ਵਿੱਚ ਜਾਣਗੇ। ਹਥਿਆਰਾਂ 'ਤੇ ਜੰਗਾਲ ਲੱਗ ਜਾਵੇਗਾ ਤੇ ਤਕਨੀਕ ਪੁਰਾਣੀ ਪੈ ਜਾਵੇਗੀ। ਹਥਿਆਰਾਂ ਦੀ ਬਜਾਏ ਹਮਲਿਆਂ ਦੇ ਨਵੇਂ ਤਰੀਕੇ ਮਹਾ-ਸ਼ਕਤੀਸ਼ਾਲੀ ਅਖਵਾਉਣ ਵਾਲੇ ਦੇਸ਼ ਹੀ ਨਹੀਂ ਸਗੋਂ ਅੱਤਵਾਦ ਦਾ ਸਭ ਤੋਂ ਵੱਡਾ ਪ੍ਰਿਤਪਾਲਕ ਪਾਕਿਸਤਾਨ ਵੀ ਆਪਣਾ ਰਿਹਾ ਹੈ। 1956 'ਚ ਝੂਠਿਸਤਾਨ ਸਿਰਲੇਖ ਦੇ ਇੱਕ ਰੇਡੀਓ ਪ੍ਰੋਗਰਾਮ ਨਾਲ ਉਸ ਦੇ ਝੂਠੇ ਦਾਅਵਿਆਂ ਨੂੰ ਬੇਨਕਾਬ ਕੀਤਾ ਜਾਂਦਾ ਸੀ, ਪਰ ਅੱਜਕੱਲ੍ਹ ਹਥਿਆਰਾਂ ਵਾਂਗ ਉਸ ਕੋਲ ਜੰਗ ਦੇ ਨਵੇਂ ਮੰਤਰ, ਭਾਵ ਪ੍ਰਚਾਰ ਤੰਤਰ ਦੇ ਨਵੇਂ ਆਧੁਨਿਕ ਤਰੀਕੇ, ਸਾਧਨ ਤੇ ਵੱਧ ਤੋਂ ਵੱਧ ਧਨ ਦਾ ਪ੍ਰਬੰਧ ਹੈ। ਇਹੀ ਨਹੀਂ ਖਰੀਦੇ ਜਾ ਸਕਣ ਵਾਲੇ ਜੈਚੰਦਾਂ ਦੀ ਗਿਣਤੀ ਵੀ ਵਧ ਗਈ ਹੈ। ਉਨ੍ਹਾਂ ਦੇ ਵੱਖ-ਵੱਖ ਰੂਪ ਹਨ। ਉਨ੍ਹਾਂ 'ਚ ਜਾਹਿਲ, ਅਨਪੜ੍ਹ, ਮੂਰਖ, ਸ਼ੈਤਾਨ ਵੀ ਹਨ ਅਤੇ ਪੜ੍ਹੇ-ਲਿਖੇ ਟ੍ਰੇਂਡ ਚਲਾਕ ਅਖੌਤੀ ਬੁੱਧੀਜੀਵੀ ਹਨ। ਕਿਸੇ ਜੰਗ 'ਚ ਰੰਗ, ਜਾਤੀ, ਧਰਮ ਦੀ ਪਛਾਣ ਕਿੱਥੋਂ ਹੋ ਸਕਦੀ ਹੈ। ਪ੍ਰਾਚੀਨ ਕਾਲ 'ਚ ਚਿੱਟੇ ਦਿਨ ਲੜਾਈਆਂ ਹੁੰਦੀਆਂ ਸਨ। ਆਧੁਨਿਕ ਯੁੱਗ 'ਚ ਰਾਤ ਦੇ ਹਨੇਰੇ 'ਚ ਹਮਲੇ ਵੱਧ ਹੁੰਦੇ ਹਨ। ਇਨ੍ਹਾਂ ਨਾਲ ਦਿਨ 'ਚ ਮੌਤ ਦਾ ਕਾਲਾ ਪਰਛਾਵਾਂ ਹਨੇਰੇ ਵਰਗਾ ਹੁੰਦਾ ਹੈ ਅਤੇ ਜੇਕਰ ਪ੍ਰਚਾਰ ਤੰਤਰ ਦੇ ਹਥਿਆਰ ਹੋਣ ਤਾਂ ਅਗਿਆਨ, ਝੂਠ, ਅਫਵਾਹ, ਹਿੰਸਾ ਦੀ ਸਵਾਹ ਨਾਲ ਹਨੇਰਾ ਫੈਲਾਇਆ ਜਾਂਦਾ ਹੈ।

ਇਹ ਗੱਲ ਮੌਜੂਦਾ ਦੌਰ 'ਚ ਚੀਨ ਅਤੇ ਨੇਪਾਲ ਦੀ ਸਰਹੱਦ 'ਤੇ ਤਣਾਅ, ਕੋਰੋਨਾ ਮਹਾਮਾਰੀ 'ਚ ਭਾਜੜਾਂ, ਜੰਮੂ-ਕਸ਼ਮੀਰ ਨੂੰ ਧਾਰਾ-370 ਤੋਂ ਮੁਕਤੀ, ਨਾਗਰਿਕਤਾ ਸੋਧ ਕਾਨੂੰਨ ਦੇ ਨਾਂ 'ਤੇ ਦੰਗੇ, ਭਾਰਤ ਲਈ ਲੜਾਕੂ ਜਹਾਜ਼ ਰਾਫੇਲ ਦੀ ਖਰੀਦ ਦੇ ਸਮਝੌਤੇ ਬਾਰੇ ਵਿਦੇਸ਼ੀ ਤਾਕਤਾਂ ਦੇ ਇਸ਼ਾਰੇ, ਸਮਰਥਨ, ਭਾਰੀ ਫੰਡਿੰਗ ਨਾਲ ਹੋਏ ਕੂੜ ਪ੍ਰਚਾਰ, ਭੋਲੇ-ਮਾਸੂਮ ਲੋਕਾਂ ਨੂੰ ਵਰਗਲਾਉਣ, ਹਿੰਸਾ, ਪੁਲਸ ਅਤੇ ਸੁਰੱਖਿਆ ਮੁਲਾਜ਼ਮਾਂ ਦੇ ਬੇਰਹਿਮੀ ਨਾਲ ਕੀਤੇ ਕਤਲਾਂ ਦੀਆਂ ਘਟਨਾਵਾਂ ਤੋਂ ਸਾਬਿਤ ਹੋ ਰਹੀ ਹੈ। ਕਈ ਵਾਰ ਇੰਝ ਲੱਗਦਾ ਹੈ ਕਿ ਲੋਕਤਾਂਤਰਿਕ ਸ਼ਕਤੀਸ਼ਾਲੀ ਭਾਰਤ ਸਰਕਾਰ ਇਨ੍ਹਾਂ ਹਮਲਿਆਂ ਅੱਗੇ ਕਮਜ਼ੋਰ ਹੋ ਜਾਂਦੀ ਹੈ। ਅਸਲ 'ਚ ਭਾਵਨਾਤਮਕ ਮੁੱਦਿਆਂ 'ਤੇ ਆਮ ਲੋਕਾਂ ਦੇ ਦਿਮਾਗ 'ਚ ਜ਼ਹਿਰ ਘੋਲਣਾ ਸੌਖਾ ਹੁੰਦਾ ਹੈ। ਤੁਸੀਂ ਵੇਖਿਆ ਹੋਵੇਗਾ ਕਿ ਕਿਤੇ ਅੰਦੋਲਨ ਤੇ ਰੋਸ ਵਿਖਾਵਿਆਂ 'ਚ ਫਾਇਰਿੰਗ ਨਾਲ ਇੱਕ-ਦੋ ਵਿਅਕਤੀਆਂ ਦੀ ਜਾਨ ਜਾਂਦੀ ਹੈ ਪਰ ਹੰਝੂ ਗੈਸ ਦੇ ਧੂੰਏ ਅਤੇ ਭਾਜੜ ਪੈਣ ਨਾਲ ਜ਼ਿਆਦਾ ਲੋਕ ਜ਼ਖ਼ਮੀ ਅਤੇ ਮਰਦੇ ਹਨ। ਅੱਤਵਾਦੀਆਂ ਦਾ ਤਾਂ ਟੀਚਾ ਹੀ ਡਰ ਅਤੇ ਖੌਫ ਨਾਲ ਲੋਕਾਂ ਦੀ ਜਾਨ ਲੈਣਾ ਹੁੰਦਾ ਹੈ।

ਇਹ ਗੱਲ ਨਹੀਂ ਕਿ ਭਾਰਤ ਦੇ ਦੁਸ਼ਮਣ ਪਹਿਲਾਂ ਨਹੀਂ ਸਨ ਜਾਂ ਜਾਸੂਸੀ, ਸਾਜ਼ਿਸ਼, ਹਿੰਸਾ ਲਈ ਵਿਦੇਸ਼ੀ ਧਨ ਦੀ ਵਰਤੋਂ ਪਹਿਲਾਂ ਨਹੀਂ ਹੁੰਦੀ ਸੀ। ਅਮਰੀਕਾ, ਚੀਨ ਅਤੇ ਪਾਕਿਸਤਾਨ ਦੀਆਂ ਜਾਸੂਸੀ ਏਜੰਸੀਆਂ ਸੀ ਆਈ ਏ, ਕੇ ਜੀ ਬੀ ਐਮ ਐਸ ਐਸ ਅਤੇ ਆਈ ਐਸ ਆਈ ਲਗਾਤਾਰ ਸਰਗਰਮ ਰਹੀਆਂ ਹਨ ਤੇ ਉਨ੍ਹਾਂ ਦੇ ਸਹਿਯੋਗ ਲਈ ਕਦੇ ਸਹੀ, ਕਦੀ ਫਰਜ਼ੀ ਨਾਵਾਂ ਦੀਆਂ ਸੰਸਥਾਵਾਂ ਜਾਂ ਕੰਪਨੀਆਂ ਨੇ ਵਿਕਾਊ ਦੇਸ਼-ਧਰੋਹੀਆਂ ਦੀ ਵਰਤੋਂ ਵੀ ਕੀਤੀ, ਪਰ ਪਿਛਲੇ ਸਾਲਾਂ 'ਚ ਪਾਕਿ-ਸਤਾਨ ਦੇ ਨਾਲ ਜ਼ਿਆਦਾ ਅਸਰ ਦਾਇਕ ਢੰਗ ਨਾਲ ਚੋਣਵੇਂ ਨੇਤਾਵਾਂ, ਕਥਿਤ ਸਮਾਜਿਕ ਮਨੁੱਖੀ ਅਧਿਕਾਰ ਸੰਗਠਨਾਂ ਦੇ ਲੋਕਾਂ, ਭਟਕੇ ਰਿਟਾਇਰ ਜਾਂ ਤਾਇਨਾਤ ਅਧਿਕਾਰੀਆਂ, ਨਾਮੀ ਜਾਂ ਗੁੰਮਨਾਮ ਮੀਡੀਆ ਕਰਮਚਾਰੀਆਂ ਦਾ ਵੀ ਵਰਤੋਂ ਪ੍ਰਚਾਰ ਤੰਤਰ ਦੇ ਹਮਲਿਆਂ ਲਈ ਕਰ ਰਿਹਾ ਹੈ। ਸਭ ਤੋਂ ਦੁੱਖਦਾਈ ਅਤੇ ਦਿਲਚਸਪ ਤੱਥ ਇਹ ਹੈ ਕਿ 30 ਸਾਲ ਪਹਿਲਾਂ ਜੋ ਨੇਤਾ ਜਾਂ ਸਰਗਰਮ ਵਰਕਰ ਖੁਦ ਸੀ ਆਈ ਏ ਜਾਂ ਆਈ ਐਸ ਆਈ ਬਾਰੇ ਜਨਤਕ ਤੌਰ 'ਤੇ ਚਿੰਤਾ ਜ਼ਾਹਿਰ ਕਰਦੇ ਸਨ, ਅੱਜ ਉਨ੍ਹਾਂ ਦੇ ਸਾਥੀ ਉਨ੍ਹਾਂ ਏਜੰਸੀਆਂ ਅਤੇ ਉਨ੍ਹਾਂ ਨਾਲ ਜੁੜੀਆਂ ਸ਼ੱਕੀ ਸੰਸਥਾਵਾਂ ਅਤੇ ਚੀਨੀ ਜਾਲ ਵਿੱਚ ਫਸ ਕੇ ਭਾਰਤ 'ਚ ਅਫਵਾਹਾਂ, ਭਰਮ, ਤਣਾਅ ਅਤੇ ਹਿੰਸਾ ਫੈਲਾ ਰਹੇ ਹਨ।

ਸਭ ਤੋਂ ਵੱਧ ਚਿੰਤਾ ਚੀਨ ਦੇ ਨਾਲ ਟਕਰਾਅ ਬਾਰੇ ਹੁੰਦੀ ਹੈ। ਕੁਝ ਸਾਲ ਪਹਿਲਾਂ ਭਾਰਤ ਦੇ ਉਸ ਸਮੇਂ ਦੇ ਵਿਦੇਸ਼ ਸੈਕਟਰੀ ਅਤੇ ਬਾਅਦ ਵਿੱਚ ਸੁਰੱਖਿਆ ਸਲਾਹਕਾਰ ਸ਼ਿਵ ਸ਼ੰਕਰ ਮੈਨਨ ਨੇ ਮੈਨੂੰ ਅਤੇ ਚਾਰ ਹੋਰ ਸੀਨੀਅਰ ਸੰਪਾਦਕਾਂ ਨੂੰ ਗ਼ੈਰ-ਰਸਮੀ ਗੱਲਬਾਤ 'ਚ ਸਮਝਾਇਆ ਸੀ ਕਿ 'ਭਾਰਤ-ਚੀਨ ਸਰਹੱਦ ਦੇ ਲੰਬੇ ਅਰਸੇ ਤੋਂ ਚੱਲ ਰਹੇ ਦੋਪੱਖੀ ਦਾਅਵਿਆਂ ਅਤੇ ਵਿਵਾਦਾਂ 'ਤੇ ਸਿਆਸਤ ਅਤੇ ਉਚ ਫੌਜੀ ਪੱਧਰ 'ਤੇ ਵਾਰਤਾਵਾਂ ਅਤੇ ਸੰਪਰਕ ਵਿੱਚ ਰਹਿੰਦਾ ਹੈ। ਇਸ ਦੇ ਇਲਾਵਾ ਕੁਝ ਇਲਾਕਿਆਂ 'ਚ ਅੱਜ ਤੱਕ ਕੋਈ ਨਿਸ਼ਚਿਤ ਸਰਹੱਦ ਤੈਅ ਨਾ ਹੋਣ ਨਾਲ ਕਦੀ ਚੀਨੀ ਫੌਜੀ ਸਾਡੇ ਇਲਾਕੇ 'ਚ ਆ ਜਾਂਦੇ ਹਨ ਅਤੇ ਇਸੇ ਤਰ੍ਹਾਂ ਸਾਡੇ ਫੌਜੀ ਵੀ ਉਨ੍ਹਾਂ ਦੇ ਦਾਅਵੇ ਵਾਲੇ ਸਰਹੱਦੀ ਇਲਾਕੇ 'ਚ ਚਲੇ ਜਾਂਦੇ ਹਨ।

ਰਾਹੁਲ ਗਾਂਧੀ ਅਤੇ ਉਨ੍ਹਾਂ ਦੇ ਕਾਂਗਰਸੀ ਬੁਲਾਰੇ ਨੂੰ ਉਨ੍ਹਾਂ ਦੀ ਆਪਣੀ ਸਰਕਾਰ ਦੇ ਵਕਤ ਸੁਰੱਖਿਆ ਸਲਾਹਕਾਰ ਰਹਿ ਚੁੱਕੇ ਐਮ ਕੇ ਨਾਰਾਇਣਨ ਦੀ ਤਾਜ਼ਾ ਟਿੱਪਣੀ 'ਤੇ ਧਿਆਨ ਦੇਣਾ ਚਾਹੀਦਾ ਹੈ ਕਿ ''ਸਰਹੱਦ 'ਤੇ ਹੁੰਦੀ ਹਰ ਘਟਨਾ ਨੂੰ ਅਗਲੀ ਜੰਗ ਦਾ ਮੁੱਢ ਨਹੀਂ ਸਮਝਣਾ ਚਾਹੀਦਾ।'' ਮੈਨਨ ਜਾਂ ਨਾਰਾਇਣਨ ਸ਼ਾਇਦ ਖੁੱਲ੍ਹ ਕੇ ਹੋਰ ਨਹੀਂ ਕਹਿ ਸਕਦੇ ਪਰ ਕੂਟਨੀਤਕ ਅਤੇ ਸੁਰੱਖਿਆ ਮਾਮਲਿਆਂ ਨੂੰ ਸਮਝਣ ਵਾਲੇ ਜਾਣਦੇ ਹਨ ਕਿ ਪੱਛਮ ਦਾ ਮੀਡੀਆ ਸਰਹੱਦ 'ਤੇ ਤਣਾਅ ਜਾਂ ਭਾਰਤ 'ਚ ਹਿੰਸਾ ਦੀਆਂ ਘਟਨਾਵਾਂ ਨੂੰ ਇਸ ਲਈ ਵੀ ਉਛਾਲਦਾ ਹੈ ਕਿ ਉਨ੍ਹਾਂ ਦੇਸ਼ਾਂ ਦੇ ਹਥਿਆਰ ਵੱਧ ਖਰੀਦੇ ਜਾਣ।

ਇਹੀਂ ਨਹੀਂ ਵਿਦੇਸ਼ੀ ਤਾਕਤਾਂ ਇਸ ਪ੍ਰਚਾਰ ਨੂੰ ਸ਼ਹਿ ਦਿਵਾਉਂਦੀਆਂ ਹਨ, ਜਿਸ ਨਾਲ ਸਰਕਾਰ ਬੇਸ਼ੱਕ ਹੀ ਅਟਲ ਬਿਹਾਰੀ ਵਾਜਪਾਈ, ਮਨਮੋਹਨ ਸਿੰਘ ਜਾਂ ਨਰਿੰ-ਦਰ ਮੋਦੀ ਦੀ ਹੋਵੇ, ਕਮਜ਼ੋਰ ਰਹੇ, ਅਸਥਿਰ ਰਹੇ ਅਤੇ ਸਹੀ ਅਰਥਾਂ 'ਚ ਭਾਰਤ ਸਮਾਜਿਕ ਤੇ ਆਰਥਿਕ ਤੌਰ 'ਤੇ ਆਤਮ ਨਿਰਭਰ ਨਾ ਹੋ ਸਕੇ। ਇਸੇ ਟੀਚੇ ਨੂੰ ਧਿਆਨ 'ਚ ਰੱਖ ਕੇ ਜੰਮੂ-ਕਸ਼ਮੀਰ ਵਿੱਚ ਧਾਰਾ-370 ਹਟਾਏ ਜਾਣ 'ਤੇ ਪੱਛਮ ਹੀ ਨਹੀਂ, ਭਾਰਤੀ ਮੀਡੀਆ ਦੇ ਇੱਕ ਵਰਗ ਦੀ ਵਰਤੋਂ ਗਲਤ ਸੂਚਨਾਵਾਂ ਨੂੰ ਪ੍ਰਚਾਰਿਤ ਕਰਵਾ ਕੇ ਕੀਤੀ ਗਈ। ਨਾਗਰਿਕਤਾ ਸੋਧ ਕਾਨੂੰਨ ਸਿਰਫ ਗੁਆਂਢੀ ਦੇਸ਼ਾਂ ਪਾਕਿਸਤਾਨ ਤੇ ਅਫਗਾਨਿਸਤਾਨ ਤੋਂ ਆਉਣ ਵਾਲੇ ਗੈਰ-ਮੁਸਲਿਮ ਅਤੇ ਕੁਝ ਹਿਜਰਤਕਾਰੀਆਂ ਨੂੰ ਭਾਰਤੀਅਤਾ ਦੇਣ ਲਈ ਹੈ ਪਰ ਮਹੀਨਿਆਂ ਤੱਕ ਵੱਖ-ਵੱਖ ਜ਼ਿੰਮੇਵਾਰ, ਗੈਰ-ਜ਼ਿੰਮੇਵਾਰ ਲੋਕਾਂ ਤੇ ਉਨ੍ਹਾਂ ਨਾਲ ਜੁੜੇ ਖਬਰ ਵਿਚਾਰ-ਪ੍ਰਚਾਰ ਤੰਤਰ ਨੇ ਲਗਾਤਾਰ ਇਹ ਭਰਮ ਤੱਕ ਪੈਦਾ ਕੀਤਾ ਕਿ ਭਾਰਤ 'ਚ ਰਹਿਣ ਵਾਲੇ ਮੁਸਲਿਮ ਹੀ ਨਹੀਂ, ਗ਼ਰੀਬ ਹਿੰਦੂਆਂ ਦੀ ਨਾਗਰਿਕਤਾ ਵੀ ਖ਼ਤਮ ਹੋ ਜਾਵੇਗੀ ਅਤੇ ਉਨ੍ਹਾਂ ਨੂੰ ਦੇਸ਼ ਤੋਂ ਕੱਢ ਦਿੱਤਾ ਜਾਵੇਗਾ। ਇੰਨਾ ਝੂਠਾ ਤੇ ਨਫ਼ਰਤ ਵਾਲਾ ਪ੍ਰਚਾਰ ਕਰਨ ਵਾਲੇ ਲੋਕਾਂ ਨੂੰ ਕੋਈ ਸੰਗ-ਸ਼ਰਮ ਮਹਿਸੂਸ ਨਹੀਂ ਹੋਈ। ਉਦੋਂ ਖਦਸ਼ਾ ਹੋਇਆ ਅਤੇ ਕਈ ਸਬੂਤ ਮਿਲੇ ਕਿ ਕੂੜ ਪ੍ਰਚਾਰ ਵਾਲੇ ਤੱਤਾਂ ਨੂੰ ਪ੍ਰਤੱਖ ਜਾਂ ਅਪ੍ਰੱਤਖ ਤੌਰ 'ਤੇ ਪਾਕਿਸਤਾਨ ਅਤੇ ਚੀਨ ਦੀਆਂ ਲੁਕਵੀਆਂ ਸੰਸਥਾਵਾਂ 'ਤੇ ਹਰ ਸੰਭਵ ਸਹਾਇਤਾ ਮਿਲਦੀ ਰਹਿੰਦੀ ਹੈ।

ਕੋਰੋਨਾ ਸੰਕਟ 'ਚ ਵੀ ਮਜ਼ਦੂਰਾਂ ਦੀ ਹਿਜਰਤ ਦੀ ਦਰਦਨਾਕ ਸਥਿਤੀ 'ਚ ਉਨ੍ਹਾਂ ਦੀ ਮਦਦ ਕਰਨ ਦੀ ਬਜਾਏ ਕੁਝ ਨੇਤਾਵਾਂ ਅਤੇ ਉਨ੍ਹਾਂ ਦੇ ਸਮਰਥਕਾਂ ਨੇ ਏਦਾਂ ਪ੍ਰਚਾਰ ਕੀਤਾ ਕਿ ਕੋਰੋਨਾ ਨਾਲ ਬੱਸ ਮੌਤਾਂ ਹੀ ਹੋਣ ਵਾਲੀਆਂ ਹਨ ਤੇ ਸਰਕਾਰ ਨਾ ਲੋੜੀਂਦੇ ਟੈਸਟ ਕਰਵਾ ਰਹੀ ਹੈ ਅਤੇ ਨਾ ਮਦਦ ਕਰੇਗੀ। ਉਨ੍ਹਾਂ ਦਾ ਸਾਥ ਦੇ ਰਹੇ ਮੀਡੀਆ ਦੇ ਇੱਕ ਵਰਗ ਨੇ ਇਹ ਤੱਥ ਪ੍ਰਚਾਰਿਤ ਨਹੀਂ ਕੀਤਾ ਕਿ ਅਮਰੀਕਾ, ਬ੍ਰਿਟੇਨ, ਜਰਮਨੀ ਜਾਂ ਚੀਨ 'ਚ ਵੀ ਹਰ ਨਾਗਰਿਕ ਦਾ ਟੈਸਟ ਨਹੀਂ ਹੋਇਆ ਅਤੇ ਨਾ ਹੋ ਰਹੇ ਹਨ। ਲੰਦਨ, ਬਰਲਿਨ, ਲਾਸ ਏਂਜਲਸ 'ਚ ਵੀ ਇਹੀ ਸਲਾਹ ਦਿੱਤੀ ਗਈ ਕਿ ਘਰ 'ਚ ਰਿਹਾ ਜਾਵੇ ਅਤੇ ਲਗਾਤਾਰ ਜ਼ਿਆਦਾ ਬੁਖਾਰ ਹੋਣ 'ਤੇ ਹਸਪਤਾਲ ਲਿਜਾਣ ਦੀ ਬੇਨਤੀ ਕੀਤੀ ਜਾਵੇ। ਬਿਨਾਂ ਟੈਸਟ ਕੀਤੇ ਲੱਖਾਂ ਲੋਕ ਉਨ੍ਹਾਂ ਦੇਸ਼ਾਂ 'ਚ ਅੱਜਕੱਲ ਸੜਕਾਂ 'ਤੇ ਆਰਾਮ ਨਾਲ ਘੁੰਮਣ ਲੱਗੇ ਹਨ ਪਰ ਭਾਰਤ 'ਚ ਲੋਕਾਂ ਨੂੰ ਡਰਾਉਣ, ਭੜਕਾਉਣ ਵਾਲੇ ਲੋਕ ਅਜੇ ਵੀ ਆਪਣਾ ਕੰਮ ਕਰ ਰਹੇ ਹਨ। ਹੈਰਾਨੀ ਇਹ ਹੈ ਕਿ ਭਾਰਤ ਸਰਕਾਰ ਦੇ ਸੰਬੰਧਤ ਮੰਤਰਾਲਾ ਤੇ ਅਧਿਕਾਰੀ ਸਮਾਂ ਰਹਿੰਦੀਆਂ ਵਿਦੇਸ਼ੀ ਤਾਕਤਾਂ ਤੋਂ ਪ੍ਰੇਰਿਤ ਤੱਤਾਂ 'ਤੇ ਸਖ਼ਤ ਕਾਰਵਾਈ ਕਰ ਕੇ ਕੂੜ ਪ੍ਰਚਾਰ ਨੂੰ ਕਿਉਂ ਨਹੀਂ ਰੋਕ ਸਕਦੇ?

# ਯਾਦ ਤਾਂ ਚੇਤੇ ਆਉਂਦੀ ਏ ਉਸ ਮਿੱਟੀ ਦੇ ਚੁੱਲ੍ਹੇ ਦੀ

-ਬਹਾਦਰ ਸਿੰਘ ਗੋਸਲ-

ਅੱਜ ਤੋਂ 60-70 ਸਾਲ ਪਹਿਲਾਂ ਪਿੰਡਾਂ ਵਿੱਚ ਹਰ ਘਰ ਵਿੱਚ ਰੋਟੀ ਪਕਾਉਣ ਲਈ ਮਿੱਟੀ ਦਾ ਕੱਚਾ ਚੁੱਲ੍ਹਾ ਵੇਖਿਆ ਜਾਂਦਾ ਸੀ। ਮਿੱਟੀ ਦਾ ਇਹ ਛੋਟਾ ਜਿਹਾ ਚੁੱਲ੍ਹਾ ਹਰ ਘਰ ਦੀ ਜੀਵਨ ਕਹਾਣੀ ਹੁੰਦਾ ਸੀ। ਚੁੱਲੇ ਤੇ ਅੱਗ ਦਾ ਅਜਿਹਾ ਸੁਮੇਲ ਸੀ ਕਿ ਚੁੱਲ੍ਹੇ ਵਿੱਚ ਅੱਗ ਬਲਦੀ ਵੇਖ ਕੇ ਉਸ ਘਰ ਦੀ ਆਰਥਿਕ ਸਥਿਤੀ ਦਾ ਪਤਾ ਸਹਿਜੇ ਹੀ ਲੱਗ ਜਾਂਦਾ ਸੀ।

ਮਨੁੱਖ ਲਈ ਹਰ ਤਰ੍ਹਾਂ ਦਾ ਖਾਣਾ ਬਣਾਉਣ ਵਿਚ ਸਹਾਈ ਹੁੰਦਾ ਸੀ ਚੁੱਲ੍ਹਾ। ਇਹੀ ਕਾਰਨ ਸੀ ਕਿ ਪਿੰਡਾਂ ਦੀਆਂ ਔਰਤਾਂ ਬੜੇ ਸਲੀਕੇ ਨਾਲ ਮਿੱਟੀ ਦੇ ਚੁੱਲ੍ਹੇ ਬਣਾਉਂਦੀਆਂ ਤੇ ਇਸ ਤਰ੍ਹਾਂ ਮਿੱਟੀ ਦਾ ਚੁੱਲ੍ਹਾ ਬਣਾਉਣਾ ਇੱਕ ਔਰਤ ਦੀ ਕਲਾ ਨੂੰ ਪ੍ਰਦਰਸ਼ਿਤ ਕਰਦਾ ਸੀ। ਕਈ ਔਰਤਾਂ ਇਸ ਕਲਾ ਵਿੱਚ ਬਹੁਤ ਨਿਪੁੰਨ ਹੁੰਦੀਆਂ ਤੇ ਸਾਰੇ ਪਿੰਡ ਵਿੱਚ ਚੁੱਲ੍ਹੇ ਬਣਾਉਣ ਲਈ ਮਸ਼ਹੂਰ ਹੁੰਦੀਆਂ। ਹਰ ਘਰ ਵਿੱਚ ਇਹ ਚੁੱਲ੍ਹੇ ਘਰ ਦੇ ਵਿਹੜੇ ਦੇ ਇੱਕ ਕੋਨੇ ਵਿੱਚ ਰੱਖੇ ਜਾਦੇ ਜਿੱਥੇ ਸਾਰੇ ਪਰਵਾਰ ਦਾ ਖਾਣਾ ਬਣਦਾ ਸੀ। ਇਸ ਲਈ ਚੁੱਲ੍ਹੇ ਨੂੰ ਪੱਕੇ ਤੌਰ 'ਤੇ ਪੱਕੀ ਥਾਂ ਮਿਲ ਜਾਂਦੀ ਜਾਂ ਉਨ੍ਹਾਂ ਨੂੰ ਜ਼ਮੀਨ ਵਿੱਚ ਪੱਕੇ ਗੱਡ ਕੇ ਸਥਾਈ ਬਣਾਇਆ ਜਾਂਦਾ, ਪਰ ਦੂਜੀ ਕਿਸਮ ਦੇ ਚੁੱਲ੍ਹਿਆਂ ਨੂੰ ਚਕਵੇਂ ਚੁੱਲ੍ਹੇ ਕਿਹਾ ਜਾਂਦਾ, ਜਿਨ੍ਹਾਂ ਨੂੰ ਇੱਕ ਥਾਂ ਤੋਂ ਦੂਜੀ ਥਾਂ ਬਦਲਿਆ ਜਾਂਦਾ ਜਾਂ ਜਿੱਥੇ ਚਾਹੋ ਉਥੇ ਰੱਖਿਆ ਜਾਂਦਾ ਸੀ। ਹਾਂ, ਇਸ ਚੁੱਲ੍ਹੇ ਦੀ ਖੁਰਾਕ ਹੁੰਦੀ ਸੀ ਪੁਰਾਣੀ ਸੁੱਕੀ ਲੱਕੜ ਜਾਂ ਪਿੰਡਾਂ ਵਿੱਚ ਲੱਕੜਾਂ ਨਾ ਮਿਲਣ ਤਾਂ ਆਮ ਘਰਾਂ ਵਿੱਚ ਕਪਾਹ ਦੀਆਂ ਛਟੀਆਂ, ਮੱਕੀ ਦੇ ਸੁੱਕੇ ਟਾਂਡੇ ਜਾਂ ਸਰ੍ਹੋਂ ਦੇ ਸੁੱਕੇ ਭੰਡਾਰ ਵਧੀਆ ਬਾਲਣ ਬਣ ਜਾਂਦੇ। ਗਰੀਬ ਘਰਾਂ ਨੂੰ ਬਾਲਣ ਬਾਹਰੋਂ ਚੁੱਗ ਕੇ ਲਿਆਉਣਾ ਪੈਂਦਾ ਤਾਂ ਉਨ੍ਹਾਂ ਦੇ ਛੋਟੇ ਬੱਚੇ, ਦਰੱਖਤਾਂ ਦੇ ਝੁੰਡਾਂ ਦੇ ਗਿਰਦ ਜਾਂ ਪਿੰਡ ਦੀਆਂ ਗੋਹਰਾਂ ਵਿੱਚ ਬਾਲਣ ਲਈ ਡੱਕ ਚੁਗਦੇ ਫਿਰਦੇ ਵੇਖੇ ਜਾਂਦੇ। ਬਾਲਣ ਘਰ ਆਉਂਦਾ ਤਾਂ ਚੁੱਲ੍ਹੇ ਅੱਗ ਪੈਂਦੀ, ਪਰ ਬਰਸਾਤ ਦੇ ਦਿਨਾਂ ਵਿੱਚ ਚੁੱਲ੍ਹਿਆਂ ਨੂੰ ਬਾਲਣਾ ਬਹੁਤ ਮੁਸ਼ਕਲ ਹੋ ਜਾਂਦਾ। ਬਹੁਤ ਦੇਰ ਤੱਕ ਭੁੱਕਣੇ ਤੇ ਫੂਕਾਂ ਮਾਰਨੀਆਂ ਪੈਂਦੀਆਂ ਤਾਂ ਕਿਤੇ ਜਾ ਕੇ ਅੱਗ ਬਲਦੀ। ਅੱਗ ਬਾਲਣ ਲਈ ਮਾਚਿਸ ਦੀਆਂ ਤੀਲੀਆਂ ਦੀ ਲੋੜ ਪੈਂਦੀ, ਪਰ ਬਹੁਤ ਗਰੀਬ ਘਰਾਂ ਦੇ ਲੋਕ ਅੱਗ ਵੀ ਮੰਗ ਕੇ ਲਿਆਉਂਦੇ ਤੇ ਆਪਣਾ ਚੁੱਲ੍ਹਾ ਸੁਲਗਾਉਂਦੇ। ਗਰੀਬ ਘਰਾਂ ਦੀਆਂ ਮਾਈਆਂ ਰਾਤ ਨੂੰ ਅੱਗ ਨੂੰ ਚੁੱਲ੍ਹੇ ਵਿੱਚ ਦੱਬ ਦੇਂਦੀਆਂ ਤੇ ਦੂਜੇ ਦਿਨ ਉਸੇ ਅੱਗ ਨੂੰ ਬਾਲਦੀਆਂ। ਔਰਤਾਂ ਲਈ ਚੁੱਲ੍ਹਾ ਬਾਲਣਾ ਤੇ ਉਸ ਚੁੱਲ੍ਹੇ ਤੇ ਖਾਣਾ ਬਣਾਉਣਾ ਕਿਸੇ ਮੁਹਿੰਮ ਤੋਂ ਘੱਟ ਨਾ ਹੁੰਦਾ। ਧੂੰਏਂ ਨਾਲ ਅੱਖਾਂ ਲਾਲ ਹੋ ਜਾਂਦੀਆਂ ਤੇ ਪਾਣੀ ਵਗਦਾ, ਪਰ ਇਸ ਉਹ ਬੜੇ ਜਿਗਰੇ ਨਾਲ ਸਹਿ ਕੇ ਪਰਵਾਰ ਤੇ ਬੱਚਿਆਂ ਦਾ ਪੇਟ ਪਾਲਣ ਲਈ ਖਾਣਾ ਬਣਾਉਂਦੀਆਂ।



ਸਰਦੀਆਂ ਦੇ ਦਿਨਾਂ ਵਿੱਚ ਠੰਢ ਦੇ ਕਾਰਨ ਚੁੱਲ੍ਹੇ ਅੱਗੇ ਬੈਠਣ ਦਾ ਆਨੰਦ ਆਉਂਦਾ ਤੇ ਔਰਤਾਂ ਵੀ ਖਾਣਾ ਆਰਾਮ ਨਾਲ ਤਿਆਰ ਕਰ ਲੈਂਦੀਆਂ। ਓਦੋਂ ਬੱਚੇ ਵੀ ਚੁੱਲ੍ਹੇ ਅੱਗੇ ਬੈਠ ਕੇ ਆਪਣੀ ਮਾਂ ਕੋਲ ਤਵੇ ਤੋਂ ਉਤਰਦੀ ਗਰਮ ਰੋਟੀ ਖਾਂਦੇ। ਰੋਟੀ ਖਾਣ ਤੋਂ ਬਾਅਦ ਵੀ ਉਹ ਅੱਗ ਸੇਕਣ ਦੇ ਬਹਾਨੇ ਉਥੇ ਚੁੱਲ੍ਹੇ ਦੀ ਅੱਗ ਵਿੱਚ ਮੂੰਗਫਲੀਆਂ ਭੁੰਨ-ਭੁੰਨ ਖਾਂਦੇ ਰਹਿੰਦੇ। ਬੜਾ ਅਨੰਦਮਈ ਹੁੰਦਾ ਸੀ ਇਸ ਤਰ੍ਹਾਂ ਕਰਨਾ। ਕਈ ਛੋਟੇ ਬੱਚੇ ਤਾਂ ਆਪਣੀ ਕਿਤਾਬ ਲੈ, ਚੁੱਲ੍ਹੇ ਅੱਗੇ ਬੈਠ ਮਾਂ ਕੋਲ ਪੜ੍ਹਦੇ ਰਹਿੰਦੇ। ਮਾਂ ਦੇ ਪਿਆਰ, ਠੰਢ ਤੋਂ ਬਚਾਅ ਅਤੇ ਪੜ੍ਹਨ ਦੇ ਨਾਲ ਨਾਲ ਪਰਵਰਕ ਸਾਂਝ ਦਾ ਮੁੱਢ ਬੰਨ੍ਹਿਆ ਜਾਂਦਾ।

ਆਜ਼ਾਦੀ ਤੋਂ ਬਾਅਦ ਜਿਉਂ ਜਿਉਂ ਲੋਕਾਂ ਦੀ ਆਰਥਿਕਤਾ ਤੇ ਸਿਖਿਆ ਲਈ ਉਤਸੁਕਤਾ ਵਧਦੀ ਗਈ, ਚੁੱਲ੍ਹੇ ਦਾ ਰੂਪ ਬਦਲ ਗਿਆ। ਪਹਿਲਾਂ ਬੱਤੀਆਂ ਵਾਲੇ ਸਟੋਵ, ਫਿਰ ਪੰਪ ਮਾਰਨ ਵਾਲੇ ਪਿੱਤਲ ਦੇ ਸਟੋਵ ਘਰਾਂ ਵਿੱਚ ਆਉਣ ਲੱਗੇ। ਔਰਤਾਂ ਨੂੰ ਕੁਝ ਸੁੱਖ ਜਿਹਾ ਨਜ਼ਰ ਆਇਆ, ਕਿਉਂਕਿ ਸਟੋਵ ਵਿੱਚ ਤੀਲੀ ਲਾਓ ਤਾਂ ਅੱਗ ਬਲ ਪੈਂਦੀ, ਛੁਟਕਾਰਾ ਮਿਲ ਗਿਆ ਫੂਕਾਂ ਮਾਰਨ ਤੋਂ। ਅਜਿਹਾ ਹੋਣ ਨਾਲ ਔਰਤਾਂ ਦੀ ਸਿਹਤ ਵੀ ਠੀਕ ਰਹਿਣ ਲੱਗੀ, ਪਰ ਸਮੇਂ ਨੇ ਬੜੀ ਤੇਜ਼ੀ ਨਾਲ ਪਲਟਾ ਖਾਧਾ ਤੇ ਇਨ੍ਹਾਂ ਪੰਪ ਮਾਰਨ ਵਾਲੇ ਸਟੋਵਾਂ ਤੋਂ ਵੀ ਛੁਟਕਾਰਾ ਮਿਲ ਗਿਆ, ਕਿਉਂਕਿ ਰਸੋਈ ਵਿੱਚ ਗੈਸ ਸਿਲੰਡਰ ਆ ਗਿਆ। ਮਿੱਟੀ ਦੇ ਪੁਰਾਣੇ ਚੁੱਲ੍ਹੇ ਦੀ ਥਾਂ ਗੈਸ ਦੇ ਚੁੱਲ੍ਹੇ ਆ ਗਏ। ਇਹ ਤਬਦੀਲੀ ਬੜੀ ਤੇਜ਼ੀ ਨਾਲ ਹੋਈ, ਸ਼ਹਿਰ ਤਾਂ ਕੀ, ਪਿੰਡਾਂ ਵਿੱਚ ਵੀ ਘਰ-ਘਰ ਗੈਸ ਦੇ ਚੁੱਲ੍ਹੇ ਬਲਣ ਲੱਗੇ। ਔਰਤਾਂ ਦੀ ਜ਼ਿੰਦਗੀ ਬਦਲ ਗਈ। ਨਾ ਚੁੱਲ੍ਹਾ ਬਣਾਉਣਾ, ਨਾ ਬਾਲਣਾ, ਬੱਸ ਗੈਸ ਚੁੱਲ੍ਹੇ ਦੇ ਬਾਲਣ ਦਾ ਕੰਮ ਬਹੁਤ ਹੀ ਸੌਖਾ ਹੋ ਗਿਆ। ਭਾਵੇਂ ਲੋਕਾਂ 'ਤੇ ਕੁਝ ਆਰਥਿਕ ਬੋਝ ਪਿਆ, ਪਰ ਸੁੱਖ ਲਈ ਇਹ ਸਾਰੇ ਲੋਕ ਸਹਿਣ ਕਰਨ ਦੇ ਆਦੀ ਹੋ ਗਏ।

ਮੈਨੂੰ ਚੰਗੀ ਤਰ੍ਹਾਂ ਯਾਦ ਹੈ ਕਿ ਸੰਨ 1965 ਦੀ ਹਿੰਦ ਪਾਕਿ ਜੰਗ ਤੋਂ ਬਾਅਦ ਜਦੋਂ ਦੇਸ਼ ਦੇ ਪ੍ਰਧਾਨ ਮੰਤਰੀ ਲਾਲ ਬਹਾਦਰ ਸ਼ਾਸਤਰੀ ਸਵਰਗਵਾਸ ਹੋ ਗਏ ਤਾਂ ਕਾਂਗਰਸ ਪਾਰਟੀ ਵਿੱਚ ਦੋ ਗਰੁੱਪ ਇਸ ਲਈ ਬਣ ਗਏ ਕਿ ਦੇਸ਼ ਦੇ ਨਵੇਂ ਪ੍ਰਧਾਨ ਮੰਤਰੀ ਦੀ ਚੋਣ ਹੋਣੀ ਸੀ। ਮੁਰਾਰਜੀ ਦੇਸਾਈ ਤੇ ਇੰਦਰਾ ਗਾਂਧੀ ਵਿਚਕਾਰ ਸਖਤ ਮੁਕਾਬਲਾ ਸੀ ਤੇ ਉਨ੍ਹਾਂ ਦਿਨਾਂ ਵਿੱਚ ਮੈਂ ਏ ਐਸ ਕਾਲਜ ਖੰਨਾ ਵਿਖੇ ਪੜ੍ਹਦਾ ਸੀ। ਜਦੋਂ ਸ਼ਾਮ ਨੂੰ ਇੰਦਰਾ ਗਾਂਧੀ ਦੇ ਜਿੱਤਣ ਦੀ ਖਬਰ ਆਈ ਤਾਂ ਕਾਲਜ ਦੇ ਮੁੰਡੇ ਇਹ ਕਹਿੰਦੇ ਸੁਣੇ ਗਏ :ਚੱਕੀ ਛੁੱਟ ਗਈ, ਚੁੱਲ੍ਹੇ ਨੇ ਛੁੱਟ ਜਾਣਾ, ਔਰਤਾਂ ਦਾ ਰਾਜ ਆ ਗਿਆ।

ਸੱਚ ਹੀ ਅੱਜ ਚੁੱਲ੍ਹਾ ਤੇ ਚੱਕੀ ਦੋਵੇਂ ਸਾਡੇ ਘਰਾਂ ਵਿੱਚੋਂ ਅਲੋਪ ਹੋ ਚੁੱਕੇ ਹਨ, ਪਰ ਅੱਜ ਵੀ ਉਸ ਪੰਜਾਬੀ ਚੁੱਲ੍ਹੇ ਦੀ ਸ਼ਾਨ ਭੁਲਾਇਆਂ ਵੀ ਨਹੀਂ ਭੁੱਲਦੀ।


# ਬਾਲ ਮਜ਼ਦੂਰੀ ਦੀ ਡਰਾਉਣੀ ਤਸਵੀਰ

-ਸ਼ਫੀ ਮਸੀਹ ਭੱਟੀ

ਬਚਪਨ ਬੱਚਿਆਂ ਲਈ ਹੱਸਣ ਖੇਡਣ ਅਤੇ ਮੌਜਾਂ ਮਾਣਨ ਦਾ ਸੁਨਹਿਰੀ ਕਾਲ ਹੁੰਦਾ ਹੈ ਜਦੋਂ ਉਨ੍ਹਾਂ ਨੂੰ ਕਿਸੇ ਤਰ੍ਹਾਂ ਦੀ ਚਿੰਤਾ ਦੇ ਲਾਡ ਪਿਆਰ ਕੀਤੇ ਜਾਂਦੇ ਹਨ ਅਤੇ ਉਨ੍ਹਾਂ ਦੀਆਂ ਰੀਝਾਂ ਪੂਰੀਆਂ ਕੀਤੀਆਂ ਜਾਂਦੀਆਂ ਹਨ, ਪਰ ਦੂਜੇ ਪਾਸੇ ਅਜਿਹੇ ਕਰੋੜਾਂ ਬੱਚੇ ਸੰਸਾਰ ਵਿੱਚ ਹਨ ਜਿਨ੍ਹਾਂ ਤੋਂ ਹਰ ਤਰ੍ਹਾਂ ਦੀਆਂ ਖੁਸ਼ੀਆਂ ਖੋਹ ਲਈਆਂ ਜਾਂਦੀਆਂ ਹਨ ਅਤੇ ਉਨ੍ਹਾਂ ਨੂੰ ਸਕੂਲ ਦਾ ਮੂੰਹ ਵੀ ਦੇਖਣਾ ਨਸੀਬ ਨਹੀਂ ਹੁੰਦਾ, ਸਗੋਂ ਮਜ਼ਦੂਰੀ ਵਿੱਚ ਧੱਕ ਦਿੱਤਾ ਜਾਂਦਾ ਹੈ। ਅਜਿਹਾ ਸਲੂਕ ਕਰਨਾ ਬਾਲਾਂ ਨੂੰ ਉਨ੍ਹਾਂ ਦੇ ਅਧਿਕਾਰਾਂ ਤੋਂ ਵਾਂਝੇ ਕਰਨਾ ਅਤੇ ਉਨ੍ਹਾਂ ਨਾਲ ਬਹੁਤ ਵੱਡੀ ਬੇਇਨਸਾਫੀ ਕਰਨਾ ਹੈ। ਯੂਨੀਸੇਫ ਅਨੁਸਾਰ ਬਾਲ ਮਜ਼ਦੂਰੀ ਸਮਾਜ ਲਈ ਇੱਕ ਲਾਹਨਤ ਹੈ। ਯੂ ਐੱਨ ਜਨਰਲ ਅਸੈਂਬਲੀ ਨੇ 1979 ਵਿੱਚ ਤੇ ਬਾਲ ਮਜ਼ਦੂਰੀ ਸੰਗਠਨ ਨੇ 2002 ਵਿੱਚ ਕੌਮਾਂਤਰੀ ਪੱਧਰ 'ਤੇ ਬਾਲ ਮਜ਼ਦੂਰੀ ਵਿਰੋਧੀ ਦਿਵਸ ਹਰ ਸਾਲ 12 ਜੂਨ ਨੂੰ ਮਨਾਉਣ ਦਾ ਫੈਸਲਾ ਕੀਤਾ ਸੀ। ਕੌਮਾਂਤਰੀ ਬਾਲ ਮਜ਼ਦੂਰੀ ਰੋਕੂ ਸੰਗਠਨ ਦੀ ਰਿਪੋਰਟ ਅਨੁਸਾਰ ਸੰਸਾਰ ਦੇ ਵਿਕਾਸਸੀਲ ਦੇਸ਼ਾਂ ਵਿੱਚ ਬਾਲ ਮਜ਼ਦੂਰਾਂ ਦੀ ਗਿਣਤੀ ਲਗਭਗ 25 ਕਰੋੜ ਹੈ ਜਿਨ੍ਹਾਂ ਵਿੱਚੋਂ 61 ਫੀਸਦੀ ਬਾਲ ਮਜ਼ਦੂਰ ਏਸ਼ੀਆ ਮਹਾਂਦੀਪ ਵਿੱਚ ਹਨ।

ਭਾਰਤੀ ਸੰਵਿਧਾਨ ਦੇ ਨਿਰਮਾਤਾ ਡਾਕਟਰ ਭੀਮ ਰਾਓ ਅੰਬੇਡਕਰ ਨੇ ਦੇਸ਼ ਦੇ ਸੰਵਿਧਾਨ ਦੀ ਧਾਰਾ 24 'ਚ ਬੱਚਿਆਂ ਦਾ ਸ਼ੋਸ਼ਣ ਰੋਕਣ ਦੀ ਵਿਵਸਥਾ ਕੀਤੀ ਸੀ ਜਿਸ ਵਿੱਚ ਪੰਜ ਤੋਂ 14 ਸਾਲ ਦੀ ਉਮਰ ਤੱਕ ਬਾਲਾਂ ਤੋਂ ਅਜਿਹਾ ਕੰਮ ਲੈਣ ਦੀ ਮਨਾਹੀ ਹੈ ਜਿਸ ਨਾਲ ਉਨ੍ਹਾਂ ਦੀ ਪ੍ਰਤਿਭਾ ਨੂੰ ਜ਼ਾਹਰ ਹੋਣ ਜਾਂ ਉਨ੍ਹਾਂ ਦੇ ਭਵਿੱਖ 'ਤੇ ਪ੍ਰਸ਼ਨ ਚਿੰਨ੍ਹ ਲੱਗਦਾ ਹੋਵੇ। ਭਾਰਤੀ ਸੰਵਿਧਾਨ ਦੇ ਨਿਰਦੇਸ਼ਕ ਸਿਧਾਂਤਾਂ (ਧਾਰਾ 45) ਅਨੁਸਾਰ 6-14 ਸਾਲ ਦੇ ਬੱਚਿਆਂ ਨੂੰ ਸਿਖਿਆ ਦੇਣੀ ਸਰਕਾਰ ਦੀ ਜ਼ਿੰਮੇਵਾਰੀ ਹੈ। ਬਾਲ ਮਜ਼ਦੂਰੀ ਨੂੰ ਠੱਲ੍ਹ ਪਾਉਣ ਵਾਸਤੇ ਭਾਰਤ ਵਿੱਚ ਸਿਖਿਆ ਦਾ ਅਧਿਕਾਰ 2010 ਤੋਂ ਲਾਗੂ ਹੋ ਚੁੱਕਾ ਹੈ। ਸਿਖਿਆ ਦਾ ਅਧਿਕਾਰ ਐਕਟ ਵਿੱਚ ਇਹ ਵਿਵਸਥਾ ਕੀਤੀ ਗਈ ਹੈ ਕਿ ਅੱਠਵੀਂ ਜਮਾਤ ਤੱਕ ਕਿਸੇ ਵਿਦਿਆਰਥੀ ਨੂੰ ਫੇਲ੍ਹ ਨਹੀਂ ਕਰਨਾ। ਦੇਸ਼ ਵਿੱਚ ਮੌਜੂਦਾ ਸਮੇਂ ਅੱਠਵੀਂ ਤੱਕ ਵਿਦਿਆਰਥੀਆਂ ਨੂੰ ਸਰਕਾਰ ਵੱਲੋਂ ਮੁਫਤ ਖਾਣਾ ਵੀ ਦਿੱਤਾ ਜਾਂਦਾ ਹੈ ਅਤੇ ਕਿਤਾਬਾਂ, ਵਰਦੀਆਂ ਦੀ ਵੀ ਮਦਦ ਕੀਤੀ ਜਾਂਦੀ ਹੈ ਤਾਂ ਕਿ ਗਰੀਬ ਲੋਕਾਂ ਦੀ ਆਪਣੇ ਬੱਚੇ ਸਕੂਲ ਭੇਜਣ ਵਿੱਚ ਦਿਲਚਸਪੀ ਵਧੇ ਅਤੇ ਉਹ ਆਪਣੇ ਬੱਚੇ ਕੰਮ 'ਤੇ ਨਾ ਭੇਜਣ। ਬਾਲ ਮਜ਼ਦੂਰੀ ਖਤਮ ਕਰਨ ਵਾਸਤੇ ਭਾਰਤ ਸਰਕਾਰ ਨੇ 1986 ਵਿੱਚ ਬਾਲ ਮਜ਼ਦੂਰ ਐਕਟ ਬਣਾਇਆ ਸੀ। ਇਸ ਦੇ ਨਾਲ ਅਗਸਤ 1987 ਵਿੱਚ ਸਰਕਾਰ ਨੇ ਬਾਲ ਮਜ਼ਦੂਰੀ ਦੀ ਰਾਸ਼ਟਰੀ ਨੀਤੀ ਦਾ ਐਲਾਨ ਕੀਤਾ। ਉਪਰੋਕਤ ਐਕਟ ਦਾ ਉਦੇਸ਼ ਬੱਚਿਆਂ ਨੂੰ ਮਜ਼ਦੂਰੀ ਤੋਂ ਹਟਾ ਕੇ ਉਨ੍ਹਾਂ ਦਾ ਢੁਕਵਾਂ ਮੁੜ-ਵਸੇਬਾ ਕਰਵਾਉਣਾ ਸੀ। ਇਸ ਦੇ ਤਿੰਨ ਮੁੱਖ ਹਿੱਸੇ ਸਨ, ਜਿਵੇਂ ਕਾਨੂੰਨ, ਵਿਕਾਸ ਤੇ ਯੋਜਨਾਵਾਂ। ਕੌਮਾਂਤਰੀ ਕਿਰਤ ਸੰਗਠਨ ਨੇ ਸੰਨ 1991 ਵਿੱਚ ਬਾਲ ਮਜ਼ਦੂਰੀ ਮਿਟਾਉਣ ਬਾਰੇ ਕੌਮਾਂਤਰੀ ਪ੍ਰੋਗਰਾਮ ਸ਼ੁਰੂ ਕੀਤੇ, ਜਿਸ ਨਾਲ ਜੁੜਨ ਵਾਲਾ ਭਾਰਤ ਪਹਿਲਾ ਦੇਸ਼ ਸੀ। ਇਸ ਦਾ ਮਕਸਦ ਬਾਲ ਮਜ਼ਦੂਰੀ ਨੂੰ ਖਤਮ ਕਰਨਾ ਸੀ।

ਭਾਰਤ ਸਰਕਾਰ ਵੱਲੋਂ 1986 ਵਿੱਚ ਜੋ ਐਕਟ ਪਾਸ ਕੀਤਾ ਗਿਆ ਸੀ, ਉਸ ਅਨੁਸਾਰ ਪੰਜ ਤੋਂ 14 ਸਾਲ ਦੇ ਬੱਚੇ ਕੰਮ 'ਤੇ ਨਹੀਂ ਲਗਾਏ ਜਾਣਗੇ। ਉਨ੍ਹਾਂ ਤੋਂ ਕੰਮ ਕਰਵਾਉਣ 'ਤੇ ਸਜ਼ਾ ਦੀ ਵਿਵਸਥਾ ਕੀਤੀ ਗਈ ਜਿਸ ਹੇਠ ਤਿੰਨ ਮਹੀਨੇ ਤੋਂ ਲੈ ਕੇ ਇੱਕ ਸਾਲ ਦੀ ਜੇਲ੍ਹ ਅਤੇ ਵੀਹ ਹਜ਼ਾਰ ਤੋਂ ਪੰਜਾਹ ਹਜ਼ਾਰ ਰੁਪਏ ਤੱਕ ਜੁਰਮਾਨਾ ਰੱਖਿਆ ਗਿਆ ਅਤੇ ਨਾਲ ਹੀ 64 ਅਜਿਹੇ ਖੇਤਰ ਨਿਰਧਾਰਤ ਕੀਤੇ ਗਏ, ਜੋ ਬੱਚਿਆਂ ਲਈ ਕੰਮ ਕਰਨ ਪੱਖੋਂ ਖਤਰਨਾਕ ਹਨ। ਉਸ ਐਕਟ ਵਿੱਚ ਫਿਰ ਸੋਧ ਅਨੁਸਾਰ ਪਰਵਾਰ ਦੇ ਕਾਰੋਬਾਰ, ਮਨੋਰੰਜਨ ਖੇਡ ਸਰਗਰਮੀਆਂ ਵਾਲੇ ਖੇਤਰਾਂ ਨੂੰ ਛੱਡ ਕੇ ਬਾਕੀ ਸਾਰੇ ਖੇਤਰਾਂ ਵਿੱਚ ਬਾਲ ਮਜ਼ਦੂਰੀ ਦੀ ਮਨਾਹੀ ਹੈ, ਪਰ ਘਰੇਲੂ ਰੁਜ਼ਗਾਰ ਦੇ ਨਾਂਅ 'ਤੇ ਉਨ੍ਹਾਂ ਤੋਂ ਕੋਈ ਵੀ ਕੰਮ ਲਿਆ ਜਾ ਸਕਦਾ ਹੈ। ਇਸ ਤੋਂ ਇਲਾਵਾ ਅਗਸਤ 1994 ਵਿੱਚ ਤਤਕਾਲੀ ਪ੍ਰਧਾਨ ਮੰਤਰੀ ਨਰਸਿਮਹਾ ਰਾਓ ਨੇ ਵੀ ਬਾਲ ਮਜ਼ਦੂਰੀ ਦੀ ਲਾਹਨਤ ਨੂੰ ਖਤਮ ਕਰਨ ਵਾਸਤੇ ਇਲੀਮੀਨੇਟ ਆਫ ਚਾਈਲਡ ਲੇਬਰ ਪ੍ਰੋਗਰਾਮ ਬਣਾਇਆ। ਭਾਰਤ ਵਿੱਚ ਸਰਕਾਰ ਵੱਲੋਂ 2011 'ਚ ਕਰਵਾਈ ਜਨਗਣਨਾ ਅਨੁਸਾਰ ਦੇਸ਼ ਵਿੱਚ 35 ਰਾਜਾਂ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਵਿੱਚ ਪੰਜ ਤੋਂ 14 ਸਾਲ ਦੀ ਉਮਰ ਵਿੱਚ ਬਾਲ ਮਜ਼ਦੂਰੀ ਕਰਨ ਵਾਲਿਆਂ ਦੀ ਗਿਣਤੀ 10 ਕਰੋੜ 12 ਲੱਖ ਅੱਠ ਹਜ਼ਾਰ 663 ਹੈ ਅਤੇ 2011 ਤੋਂ 2018 ਤੱਕ ਇਸ ਵਿੱਚ ਕੇਂਦਰ ਤੇ ਰਾਜ ਸਰਕਾਰਾਂ ਵੱਲੋਂ ਕਈ ਵਸੀਲੇ ਵਰਤਣ ਦੇ ਬਾਵਜੂਦ ਕਮੀ ਆਉਣ ਦੀ ਥਾਂ ਵਾਧਾ ਹੋਇਆ ਹੈ। ਬਾਲ ਮਜ਼ਦੂਰਾਂ ਦੀ ਸਭ ਤੋਂ ਵੱਧ ਗਿਣਤੀ ਉੱਤਰ ਪ੍ਰਦੇਸ਼ 'ਚ 21 ਲੱਖ 76 ਹਜ਼ਾਰ 706 ਹੈ, ਜਦ ਕਿ ਬਾਲ ਮਜ਼ਦੂਰੀ ਕਰਵਾਉਣ ਵਿੱਚ ਬਿਹਾਰ 10 ਲੱਖ 88 ਹਜ਼ਾਰ 509 ਨਾਲ ਦੇਸ਼ ਵਿੱਚੋਂ ਦੂਜੇ ਨੰਬਰ 'ਤੇ ਹੈ। ਪੰਜਾਬ ਵਿੱਚ ਬਾਲ ਮਜ਼ਦੂਰਾਂ ਦੀ ਗਿਣਤੀ ਇੱਕ ਲੱਖ 76 ਹਜ਼ਾਰ 645 ਦੱਸੀ ਗਈ ਹੈ ਅਤੇ ਸਭ ਤੋਂ ਘੱਟ ਲਕਸ਼ਦੀਪ ਵਿੱਚ 81 ਬਾਲ ਮਜ਼ਦੂਰ ਦੱਸੇ ਗਏ ਹਨ। ਭਾਰਤ ਵਿੱਚ ਬਾਲ ਮਜ਼ਦੂਰੀ ਰੋਕਣ ਵਾਸਤੇ 313 ਮਨਜ਼ੂਰ ਸ਼ੁਦਾ ਜ਼ਿਲਿਆਂ ਵਿੱਚੋਂ 108 ਜ਼ਿਲਿਆਂ ਵਿੱਚ 3378 ਵਿਸ਼ੇਸ਼ ਸਿਖਲਾਈ ਕੇਂਦਰ ਖੋਲ੍ਹੇ ਹਨ ਜਿੱਥੇ ਬਾਲ ਮਜ਼ਦੂਰਾਂ ਨੂੰ ਪੜ੍ਹਾਈ ਕਰਵਾਉਣ ਦਾ ਬੰਦੋਬਸਤ ਕੀਤਾ ਗਿਆ ਹੈ। ਕੇਂਦਰ ਸਰਕਾਰ ਨੇ ਬਾਲ ਮਜ਼ਦੂਰੀ ਦਾ ਖਾਤਮਾ ਕਰਨ ਲਈ 'ਪੇਨਸਿਲੇ' (ਪਲੇਟਫਾਰਮ ਆਫ ਇਫੈਕਟਿਵ ਇਨਫੋਰਸਮੈਂਟ ਆਫ ਨੋ ਚਾਈਲਡ ਲੇਬਰ) ਆਨਲਾਈਨ ਪੋਰਟਲ ਬਣਾ ਕੇ ਮੁਹਿੰਮ ਸ਼ੁਰੂ ਕੀਤੀ ਹੈ ਜਿਸ ਨਾਲ ਦੇਸ਼ ਦੇ 711 ਜ਼ਿਲਿਆਂ 'ਚੋਂ 611 ਜ਼ਿਲਿਆਂ ਨੂੰ ਜੋੜਿਆ ਗਿਆ ਹੈ ਅਤੇ ਇਸ ਪੋਰਟਲ ਰਾਹੀਂ ਕਈ ਸ਼ਿਕਾਇਤਾਂ ਆਈਆਂ ਹਨ। ਭਾਰਤ ਵਿੱਚ ਬਹੁਤ ਸਾਰੇ ਯਤਨਾਂ ਦੇ ਬਾਵਜੂਦ ਬਾਲ ਮਜ਼ਦੂਰੀ ਜਾਰੀ ਹੈ।



ਇਸ ਦਾ ਮੁੱਖ ਕਾਰਨ ਘੋਰ ਗਰੀਬੀ ਅਤੇ ਭੁੱਖ ਹੈ। ਆਰਥਿਕ ਸਰਵੇਖਣ 2003-04 ਅਨੁਸਾਰ ਭਾਰਤ ਦੇ ਪੇਂਡੂ ਇਲਾਕੇ ਵਿੱਚ 39 ਫੀਸਦੀ ਤੇ ਸ਼ਹਿਰੀ ਇਲਾਕੇ ਵਿੱਚ 38 ਫੀਸਦੀ ਲੋਕ ਗਰੀਬੀ ਰੇਖਾ ਤੋਂ ਥੱਲੇ ਜੀਵਨ ਗੁਜ਼ਾਰ ਰਹੇ ਹਨ। ਗਰੀਬ ਲੋਕ ਸੋਚਦੇ ਹਨ ਕਿ ਬੱਚਿਆਂ ਨੂੰ ਸਕੂਲ ਭੇਜਣ ਦੀ ਥਾਂ ਕੰਮ 'ਤੇ ਲਾਉਣਾ ਬਿਹਤਰ ਹੈ ਤਾਂ ਕਿ ਘਰ ਦੀ ਆਮਦਨ ਵਿੱਚ ਵਾਧਾ ਹੋ ਸਕੇ। ਦੇਸ਼ ਵਿੱਚ ਪੇਂਡੂ ਬਾਲ ਮਜ਼ਦੂਰਾਂ 'ਚੋਂ 84 ਫੀਸਦੀ ਖੇਤੀਬਾੜੀ ਸੈਕਟਰ ਵਿੱਚ ਅਤੇ ਸ਼ਹਿਰੀ ਬਾਲ ਮਜ਼ਦੂਰਾਂ ਦਾ 39 ਫੀਸਦੀ ਬਾਲ ਮਜ਼ਦੂਰ ਫੈਕਟਰੀਆਂ ਆਦਿ ਵੀ ਕੰਮ ਕਰਦੇ ਹਨ। ਇਹ ਬਾਲ ਮਜ਼ਦੂਰ ਘਰਾਂ, ਦੁਕਾਨਾਂ, ਹੋਟਲਾਂ, ਢਾਬਿਆਂ ਅਤੇ ਮੈਰਿਜ ਪੈਲੇਸਾਂ ਵਿੱਚ ਵੀ ਦਿਖਾਈ ਦਿੰਦੇ ਹਨ। ਇਨ੍ਹਾਂ ਬਾਲ ਮਜ਼ਦੂਰਾਂ ਨੂੰ ਮਾਲਕਾਂ ਵੱਲੋਂ ਮਾਰਕੀਟ ਅਤੇ ਝਿੜਕਾਂ ਸਹਿਣੀਆਂ ਪੈਂਦੀਆਂ ਹਨ ਅਤੇ ਕੰਮ ਤੋਂ ਹਟਾਉਣ ਦੀਆਂ ਧਮਕੀਆਂ ਵੀ ਮਿਲਦੀਆਂ ਹਨ। ਕੇਂਦਰ ਤੇ ਸੂਬਾ ਸਰਕਾਰਾਂ ਨੂੰ ਚਾਹੀਦਾ ਹੈ ਕਿ ਜੇ ਉਹ ਸੱਚਮੁੱਚ ਦੇਸ਼ ਵਿੱਚੋਂ ਬਾਲ ਮਜ਼ਦੂਰੀ ਖਤਮ ਕਰਨੀ ਚਾਹੁੰਦੀਆਂ ਹਨ ਤਾਂ ਗਰੀਬੀ ਅਤੇ ਭੁੱਖ ਨੰਗ ਨੂੰ ਮਿਟਾਉਣ। ਜੀਵਨ ਪੱਧਰ ਉੱਚਾ ਹੋਣ 'ਤੇ ਕੋਈ ਵੀ ਵਿਅਕਤੀ ਨਹੀਂ ਚਾਹੇਗਾ ਕਿ ਉਸ ਦਾ ਪਿਆਰਾ ਬੱਚਾ ਦੂਸਰਿਆਂ ਦੀ ਗੁਲਾਮੀ ਕਰੇ ਅਤੇ ਝਿੜਕਾਂ ਖਾਵੇ। ਉਸ ਦੀ ਖਾਹਿਸ਼ ਇਹ ਹੋਵੇਗੀ ਕਿ ਉਸ ਦਾ ਬੱਚਾ ਚੰਗੇ ਸਕੂਲ ਵਿੱਚ ਵਿਦਿਆ ਹਾਸਲ ਕਰੇ।

# ਕੋਵਿਡ ਦੇ ਮਰੀਜ਼ਾਂ ਦੇ ਇਲਾਜ ਤੇ ਲਾਸ਼ਾਂ ਬਾਰੇ ਅਦਾਲਤ ਨੇ ਕੇਂਦਰ ਤੇ ਰਾਜਾਂ ਤੋਂ ਜਵਾਬ ਮੰਗਿਆ



ਨਵੀਂ ਦਿੱਲੀ, 14 ਜੂਨ, (ਪੋਸਟ ਬਿਊਰੋ)- ਕੋਰੋਨਾ ਵਾਇਰਸ ਤੋਂ ਪੀੜਤ ਮਰੀਜ਼ਾਂ ਅਤੇ ਉਨ੍ਹਾਂ ਵਿੱਚੋਂ ਮਰਨ ਵਾਲਿਆਂ ਦੇ ਮ੍ਰਿਤਕ ਸਰੀਰ ਸੰਭਾਲਣ ਬਾਰੇ ਅੱਜ ਸੁਪਰੀਮ ਕੋਰਟ ਨੇ ਖ਼ੁਦ ਨੋਟਿਸ ਲਿਆ ਅਤੇ ਇਸ ਨੂੰ ਦਿਲ ਦਹਿਲਾਉਣ ਵਾਲਾ ਕਿਹਾ ਹੈ। ਅੱਜ ਸ਼ੁਕਰਵਾਰ ਨੂੰ ਕੋਰਟ ਨੇ ਕੇਂਦਰ ਤੇ ਵੱਖ ਵੱਖ ਰਾਜਾਂ ਸਰਕਾਰਾਂ ਤੋਂ ਇਸ ਦਾ ਜਵਾਬ ਮੰਗਿਆ ਹੈ।

ਜਸਟਿਸ ਅਸ਼ੋਕ ਭੂਸ਼ਣ, ਜਸਟਿਸ ਸੰਜੇ ਕਿਸ਼ਨ ਕੌਲ ਤੇ ਜਸਟਿਸ ਐਮ ਆਰ ਸ਼ਾਹ ਦੇ ਬੈਂਚ ਨੇ ਇਸ ਬਾਰੇ ਚਿੰਤਾ ਪ੍ਰਗਟ ਕੀਤੀ ਅਤੇ ਕਿਹਾ ਕਿ ਹਸਪਤਾਲ ਨਾ ਲਾਸ਼ਾਂ ਨੂੰ ਠੀਕ ਤਰ੍ਹਾਂ ਰੱਖਣ ਵਲ ਧਿਆਨ ਦੇ ਰਹੇ ਹਨ ਤੇ ਨਾ ਮ੍ਰਿਤਕਾਂ ਬਾਰੇ ਉਨ੍ਹਾਂ ਦੇ ਪਰਵਾਰਾਂ ਨੂੰ ਦੱਸਦੇ ਹਨ, ਜਿਸ ਦਾ ਨਤੀਜਾ ਹੈ ਕਿ ਉਹ ਲੋਕ ਅੰਤਮ ਸਸਕਾਰ ਮੌਕੇ ਵੀ ਸ਼ਾਮਲ ਨਹੀਂ ਹੋ ਸਕਦੇ। ਅੱਜ ਅਦਾਲਤ ਨੇ ਵੀਡੀਓ ਕਾਨਫਰੰਸ ਰਾਹੀਂ ਸੁਣਵਾਈ ਵੇਲੇ ਕੇਂਦਰ ਸਰਕਾਰ ਦੇ ਨਾਲ ਮਹਾਰਾਸ਼ਟਰ, ਪੱਛਮੀ ਬੰਗਾਲ ਤੇ ਤਾਮਿਲ ਨਾਡੂ ਸਰਕਾਰਾਂ ਨੂੰ ਵੀ ਨੋਟਿਸ ਜਾਰੀ ਕੀਤਾ ਹੈ। ਜੱਜਾਂ ਨੇ ਸੁਣਵਾਈ ਦੌਰਾਨ ਕਿਹਾ ਕਿ 'ਦਿੱਲੀ ਦੀ ਹਾਲਤ ਬੇਹੱਦ ਭਿਆਨਕ ਅਤੇ ਦੁਖਦਾਈ ਹੈ।' ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਦੇ ਨਿਰਦੇਸ਼ਾਂ ਦੀ ਪਾਲਣਾ ਨਹੀਂ ਹੋ ਰਹੀ। ਅਦਾਲਤ ਨੇ ਇਨ੍ਹਾਂ ਰਾਜਾਂ ਦੇ ਚੀਫ ਸੈਕਟਰੀਆਂ ਨੂੰ ਮਰੀਜ਼ਾਂ ਲਈ ਪ੍ਰਬੰਧਾਂ ਦਾ ਜਾਇਜ਼ਾ ਲੈ ਕੇ ਹਸਪਤਾਲ ਦੇ ਸਟਾਫ਼ ਅਤੇ ਮਰੀਜ਼ਾਂ ਬਾਰੇ ਸਾਰੀ ਸਥਿਤੀ ਦੱਸਣ ਨੂੰ ਕਿਹਾ ਹੈ। ਕੋਰਟ ਨੇ ਇੱਕ ਦਿਨ ਪਹਿਲਾਂ ਦੇਸ਼ ਦੇ ਵੱਖ ਵੱਖ ਰਾਜਾਂ ਵਿਚ ਕੋਵਿਡ ਦੇ ਕੇਸਾਂ ਦੀ ਪੂਰੀ ਦੇਖਭਾਲ ਨਾ ਹੋਣ ਤੇ ਮ੍ਰਿਤਕਾਂ ਦੀਆਂ ਲਾਸ਼ਾਂ ਦਾ ਠੀਕ ਤਰ੍ਹਾਂ ਸਸਕਾਰ ਨਾ ਕਰਨ ਦੀਆਂ ਖ਼ਬਰਾਂ ਦਾ ਨੋਟਿਸ ਲਿਆ ਸੀ ਤੇ ਚੀਫ ਜਸਟਿਸ ਐਸ ਏ ਬੋਬੜੇ ਨੇ ਇਹ ਕੇਸ ਜਸਟਿਸ ਅਸ਼ੋਕ ਭੂਸ਼ਣ ਦੀ ਅਗਵਾਈ ਵਾਲੇ ਬੈਂਚ ਨੂੰ ਸੌਂਪਿਆ ਸੀ।

ਇਸ ਦੌਰਾਨ ਅੱਜ ਅਦਾਲਤ ਨੇ ਕੋਵਿਡ-19 ਮਹਾਮਾਰੀ ਵਿਰੁੱਧ ਲੜਦੇ ਡਾਕਟਰਾਂ ਨੂੰ ਤਨਖ਼ਾਹਾਂ ਨਾ ਦੇਣ ਤੇ ਉਨ੍ਹਾਂ ਦੇ ਰਹਿਣ ਦਾ ਸਹੀ ਪ੍ਰਬੰਧ ਨਾ ਹੋਣ ਉੱਤੇ ਸਖ਼ਤ ਨਾਰਾਜ਼ਗੀ ਨਾਲ ਕਿਹਾ, 'ਜੰਗ ਵਿੱਚ ਤੁਸੀਂ ਫ਼ੌਜੀਆਂ ਨੂੰ ਨਾਰਾਜ਼ ਨਾ ਕਰੋ। ਥੋੜ੍ਹਾ ਅੱਗੇ ਵੱਧ ਕੇ ਸ਼ਿਕਾਇਤਾਂ ਦੇ ਹੱਲ ਲਈ ਵਾਧੂ ਪੈਸੇ ਦਾ ਪ੍ਰਬੰਧ ਕਰੋ।' ਸੁਪਰੀਮ ਕੋਰਟ ਨੇ ਕਿਹਾ ਕਿ ਸਿਹਤ ਕਾਮਿਆਂ ਦੀਆਂ ਤਨਖ਼ਾਹਾਂ ਨਾ ਦੇਣ ਦੇ ਕੇਸਾਂ ਵਿਚ ਅਦਾਲਤਾਂ ਨੂੰ ਸ਼ਾਮਲ ਨਹੀਂ ਕੀਤਾ ਜਾਣਾ ਚਾਹੀਦਾ ਤੇ ਏਦਾਂ ਦੇ ਕੇਸ ਸਰਕਾਰ ਨੂੰ ਖ਼ੁਦ ਹੱਲ ਕਰਨੇ ਚਾਹੀਦੇ ਹਨ। ਜਸਟਿਸ ਅਸ਼ੋਕ ਭੂਸ਼ਣ, ਜਸਟਿਸ ਸੰਜੇ ਕਿਸ਼ਨ ਕੌਲ ਅਤੇ ਜਸਟਿਸ ਐਮ ਆਰ ਸ਼ਾਹ ਦੇ ਬੈਂਚ ਨੇ ਡਾਕਟਰਾਂ ਦੀਆਂ ਸਮੱਸਿਆਵਾਂ ਬਾਰੇ ਅਰਜ਼ੀ ਉੱਤੇ ਸੁਣਵਾਈ ਮੌਕੇ ਕਿਹਾ ਕਿ ਏਦਾਂ ਦੀਆਂ ਖ਼ਬਰਾਂ ਆਈਆਂ ਹਨ ਕਿ ਕਈ ਥਾਂਈਂ ਡਾਕਟਰਾਂ ਨੂੰ ਤਨਖ਼ਾਹ ਨਹੀਂ ਮਿਲ ਰਹੀ। ਅਦਾਲਤ ਨੇ ਕਿਹਾ, 'ਡਾਕਟਰ ਹੜਤਾਲ ਉੱਤੇ ਹਨ ਅਤੇ ਦਿੱਲੀ ਵਿਚ ਕੁਝ ਡਾਕਟਰਾਂ ਨੂੰ ਪਿਛਲੇ ਤਿੰਨ ਮਹੀਨਿਆਂ ਤੋਂ ਤਨਖ਼ਾਹ ਨਹੀਂ ਮਿਲੀ। ਇਸ ਬਾਰੇ ਧਿਆਨ ਰੱਖਣਾ ਚਾਹੀਦਾ ਹੈ ਅਤੇ ਅਦਾਲਤ ਦੇ ਦਖ਼ਲ ਦੀ ਲੋੜ ਨਹੀਂ ਹੋਣੀ ਚਾਹੀਦੀ।'

# ਅਯੁੱਧਿਆ ਪਿੱਛੋਂ ਕਾਸ਼ੀ-ਮਥੁਰਾ ਮੰਦਰਾਂ ਦਾ ਮੁੱਦਾ ਸੁਪਰੀਮ ਕੋਰਟ ਜਾ ਪਹੁੰਚਿਆ



ਨਵੀਂ ਦਿੱਲੀ, 14 ਜੂਨ (ਪੋਸਟ ਬਿਊਰੋ)- ਅਯੁੱਧਿਆ ਵਿੱਚ ਰਾਮ ਜਨਮਭੂਮੀ ਵਿਵਾਦ ਨਿਪਟ ਜਾਣ ਮਗਰੋਂ ਇੱਕ ਹਿੰਦੂ ਸੰਗਠਨ ਨੇ ਕਾਸ਼ੀ-ਮਥੁਰਾ ਮੰਦਰਾਂ ਦੇ ਵਿਵਾਦਾਂ ਦੇ ਨਿਪਟਾਰੇ ਲਈ ਸਪਰੀਮ ਕੋਰਟ ਨੂੰ ਅਰਜ਼ੀ ਦੇ ਦਿੱਤੀ ਹੈ। ਇਸ ਉੱਤੇ ਅਗਲੇ ਹਫ਼ਤੇ ਸੁਣਵਾਈ ਹੋਣ ਦੀ ਸੰਭਾਵਨਾ ਹੈ।

ਹਿੰਦੂ ਪੁਜਾਰੀਆਂ ਦੇ ਸੰਗਠਨ ਵਿਸ਼ਵਭਦਰ ਪੁਜਾਰੀ ਪੁਰੋਹਿਤ ਮਹਾਸੰਘ ਨੇ ਅਰਜ਼ੀ ਦਾਇਰ ਕਰ ਪੂਜਾ ਸਥਾਨ ਐਕਟ, 1991 ਦੀ ਸੰਵਿਧਾਨਿਕ ਵੈਧਤਾ ਨੂੰ ਚੁਣੌਤੀ ਦਿੱਤੀ ਹੈ। ਉਨ੍ਹਾਂ ਦਾ ਕਹਿਣਾ ਹੈ ਇਹ ਕੇਂਦਰੀ ਕਾਨੂੰਨ 18 ਸਤੰਬਰ, 1991 ਨੂੰ ਪਾਸ ਕੀਤਾ ਗਿਆ ਸੀ, ਜਿਹੜਾ ਕਹਿੰਦਾ ਹੈ 15 ਅਗਸਤ 1947 ਨੂੰ ਦੇਸ਼ ਦੀ ਆਜ਼ਾਦੀ ਦੇ ਸਮੇਂ ਧਾਰਮਿਕ ਸਥਾਨਾਂ ਦਾ ਜੋ ਸਰੂਪ ਸੀ, ਉਹ ਬਦਲਿਆ ਨਹੀਂ ਜਾ ਸਕਦਾ। ਅਯੁੱਧਿਆ ਵਿਵਾਦ ਨੂੰ ਇਸ ਤੋਂ ਬਾਹਰ ਰੱਖਿਆ ਗਿਆ ਸੀ, ਕਿਉਂਕਿ ਉਸ ਉਤੇ ਕਾਨੂੰਨੀ ਵਿਵਾਦ ਪਹਿਲਾਂ ਤੋਂ ਚਲ ਰਿਹਾ ਸੀ। ਅਰਜ਼ੀ ਕਰਤਾ ਨੇ ਕਾਸ਼ੀ ਵਿਸ਼ਵਨਾਥ ਅਤੇ ਮਥੁਰਾ ਦੇ ਮੰਦਰ ਵਿਵਾਦ ਬਾਰੇ ਕਾਨੂੰਨੀ ਪ੍ਰਕਿਰਿਆ ਫਿਰ ਸ਼ੁਰੂ ਕਰਨ ਦੀ ਮੰਗ ਕੀਤੀ ਹੈ। ਉਨ੍ਹਾ ਕਿਹਾ ਕਿ ਇਸ ਐਕਟ ਨੂੰ ਕਦੀ ਚੁਣੌਤੀ ਨਹੀਂ ਦਿੱਤੀ ਗਈ ਅਤੇ ਨਾ ਕਿਸੇ ਅਦਾਲਤ ਨੇ ਨਿਆਂਇਕ ਤਰੀਕੇ ਦੇ ਨਾਲ ਇਸ 'ਤੇ ਵਿਚਾਰ ਕੀਤਾ। ਅਯੁੱਧਿਆ ਵਿਵਾਦ 'ਤੇ ਫੈਸਲੇ ਵਿੱਚ ਵੀ ਸੁਪਰੀਮ ਕੋਰਟ ਦੀ ਸੰਵਿਧਾਨ ਬੈਂਚ ਨੇ ਇਸ 'ਤੇ ਸਿਰਫ਼ ਟਿੱਪਣੀ ਕੀਤੀ ਸੀ।

# ਮਰਸਡੀਜ਼ ਨੇ ਸ਼ੋਅਰੂਮ ਬੰਦ ਕਰ ਕੇ ਕਰਮਚਾਰੀਆਂ ਨੂੰ ਨੌਕਰੀ ਤੋਂ ਕੱਢਿਆ

ਨਵੀਂ ਦਿੱਲੀ, 14 ਜੂਨ (ਪੋਸਟ ਬਿਊਰੋ)- ਕੋਰੋਨਾ ਦਾ ਅਸਰ ਲਗਜ਼ਰੀ ਕਾਰਾਂ 'ਤੇ ਦਿਸਣਾ ਸ਼ੁਰੂ ਹੋ ਗਿਆ ਹੈ। ਲਗਜ਼ਰੀ ਕਾਰ ਬਣਾਉਣ ਵਾਲੀ ਕੰਪਨੀ ਮਰਸਡੀਜ਼ ਨੇ ਆਪਣਾ ਸ਼ੋਅਰੂਮ ਕਾਨਪੁਰ 'ਚ ਬੰਦ ਕਰ ਦਿੱਤਾ ਅਤੇ ਸਿਰਫ ਲਖਨਊ ਤੋਂ ਹੀ ਪੂਰੇ ਉੱਤਰ ਪ੍ਰਦੇਸ਼ (ਯੂ ਪੀ) ਦਾ ਬਿਜ਼ਨਸ ਕਵਰ ਹੋਵੇਗਾ। ਇਸ ਤੋਂ ਪਹਿਲਾਂ ਆਡੀ ਆਪਣਾ ਕਾਰੋਬਾਰ ਸ਼ਹਿਰ ਤੋਂ ਸਮੇਟ ਚੁੱਕੀ ਹੈ ਅਤੇ ਕੁਝ ਹੋਰ ਕੰਪਨੀਆਂ ਬਾਰੇ ਵੀ ਇਹੋ ਕਨਸੋਆਂ ਮਿਲ ਰਹੀਆਂ ਹਨ।

ਨੋਟਬੰਦੀ ਤੋਂ ਬਾਅਦ ਮਹਿੰਗੀਆਂ ਕਾਰਾਂ ਦਾ ਬਾਜ਼ਾਰ ਡਾਵਾਂਡੋਲ ਸੀ, ਫਿਰ ਵੀ ਉਸ ਦੌਰ ਤੋਂ ਕੰਪਨੀਆਂ ਹੌਲੀ-ਹੌਲੀ ਬਾਹਰ ਆ ਰਹੀਆਂ ਸਨ। ਪਿਛਲੇ ਸਾਲ ਕਾਨਪੁਰ ਵਿੱਚ ਤੀਹ ਲੱਖ ਤੋਂ ਉੱਤੇ ਵਾਲੀਆਂ 75 ਤੋਂ ਵੱਧ ਕਾਰਾਂ ਵਿਕੀਆਂ ਸਨ, ਪਰ ਕੋਰੋਨਾ ਨੇ ਉਭਰਨ ਦੀ ਕੋਸ਼ਿਸ਼ 'ਚ ਲੱਗੇ ਬਾਜ਼ਾਰ 'ਤੇ ਅਸਰ ਪਾਇਆ। ਇਸ ਦਾ ਨਤੀਜਾ ਇਹ ਹੈ ਕਿ ਪਿਛਲੇ ਚਾਰ ਮਹੀਨਿਆਂ 'ਚ ਇੱਕ ਵੀ ਕਾਰ ਨਹੀਂ ਵਿਕੀ। ਰਹਿੰਦੀ ਕਸਰ ਲਾਕਡਾਊਨ ਨੇ ਪੂਰੀ ਕਰ ਦਿੱਤੀ। ਆਖਰਕਾਰ ਮਰਸਡੀਜ਼ ਨੇ ਪੀ ਪੀ ਐੱਨ ਮਾਰਕੀਟ ਦੇ ਸਾਹਮਣੇ ਸ਼ੋਅਰੂਮ ਨੂੰ ਬੰਦ ਕਰ ਦਿੱਤਾ ਹੈ। ਇਥੇ ਕੰਮ ਕਰਨ ਵਾਲੇ ਕਰੀਬ 12 ਕਰਮਚਾਰੀਆਂ ਦੀ ਨੌਕਰੀ ਤੋਂ ਛੁੱਟੀ ਕਰ ਦਿੱਤੀ ਗਈ ਹੈ। ਸ਼ੋਅਰੂਮ ਦੇ ਅਸਿਸਟੈਂਟ ਮੈਨੇਜਰ ਮੁਹੰਮਦ ਤਾਰਿਕ ਨੇ ਦੱਸਿਆ ਕਿ ਕਾਰਾਂ ਨਾ ਵਿਕਣ ਕਾਰਨ ਫਿਲਹਾਲ ਸਾਰੇ ਆਪ੍ਰੇਸ਼ਨਜ਼ ਲਖਨਊ ਸ਼ਿਫਟ ਕਰ ਦਿੱਤੇ ਗਏ ਹਨ। ਉਨ੍ਹਾਂ ਦੱਸਿਆ ਕਿ ਹਾਲਾਤ ਸੁਧਰਨ ਤੋਂ ਬਾਅਦ ਦੁਬਾਰਾ ਸ਼ੋਅਰੂਮ ਖੁੱਲ੍ਹਣ ਦੀ ਉਮੀਦ ਹੈ, ਪਰ ਕਦੋਂ, ਇਸ ਦੀ ਜਾਣਕਾਰੀ ਕੰਪਨੀ ਨੇ ਨਹੀਂ ਦਿੱਤੀ ਹੈ। ਅਸਿਸਟੈਂਟ ਮੈਨੇਜਰ ਨੇ ਦੱਸਿਆ ਕਿ ਹੋਰ ਕਰਮਚਾਰੀਆਂ ਦੇ ਨਾਲ ਉਨ੍ਹਾਂ ਦੀ ਨੌਕਰੀ ਵੀ ਚਲੀ ਗਈ ਹੈ। ਉਨ੍ਹਾਂ ਕਿਹਾ 50-60 ਲੱਖ ਰੁਪਏ ਦੀ ਕਾਰ ਲੈਣ ਵਾਲਾ ਸੈਗਮੈਂਟ ਅਜੇ ਵੀ ਮੌਜੂਦ ਹੈ ਅਤੇ ਕਈ ਕਾਲ 'ਤੇ ਉਹ ਅਤੇ ਹੋਰ ਸਾਥੀ ਕੰਮ ਕਰ ਰਹੇ ਸਨ, ਪਰ ਅਚਾਨਕ ਸ਼ੋਅਰੂਮ ਬੰਦ ਹੋਣ ਨਾਲ ਸੰਭਾਵਨਾਵਾਂ ਖਤਮ ਹੋ ਗਈਆਂ ਹਨ।

# ਪੂਰੀ ਤਨਖ਼ਾਹ ਨਾ ਦੇ ਸਕਣ ਵਾਲਿਆਂ ਖ਼ਿਲਾਫ਼ ਜੁਲਾਈ ਤੱਕ ਕੋਈ ਕਾਰਵਾਈ ਨਹੀਂ ਹੋਵੇਗੀ




ਨਵੀਂ ਦਿੱਲੀ, 14 ਜੂਨ (ਪੋਸਟ ਬਿਊਰੋ)- ਸੁਪਰੀਮ ਕੋਰਟ ਨੇ ਕੱਲ੍ਹ ਕੇਂਦਰ ਤੇ ਸੂਬਾ ਸਰਕਾਰਾਂ ਨੂੰ ਹਦਾਇਤ ਦਿੱਤੀ ਹੈ ਕਿ ਜਿਹੜੀਆਂ ਪ੍ਰਾਈਵੇਟ ਕੰਪਨੀਆਂ ਕੋਰੋਨਾ ਵਇਰਸ ਕਾਰਨ ਕੀਤੇ ਲੌਕਡਾਊਨ ਦੌਰਾਨ ਆਪਣੇ ਮੁਲਾਜ਼ਮਾਂ ਨੂੰ ਪੂਰੀ ਤਨਖ਼ਾਹ ਨਹੀਂ ਦੇ ਸਕੀਆਂ, ਉਨ੍ਹਾਂ ਦੇ ਖ਼ਿਲਾਫ਼ ਜੁਲਾਈ ਦੇ ਅਖ਼ੀਰ ਤੱਕ ਕੋਈ ਸਖ਼ਤ ਕਾਰਵਾਈ ਨਾ ਕੀਤੀ ਜਾਵੇ।

ਜਸਟਿਸ ਅਸ਼ੋਕ ਭੂਸ਼ਣ, ਜਸਟਿਸ ਸੰਜੈ ਕਿਸ਼ਨ ਕੌਲ ਤੇ ਜਸਟਿਸ ਐਮ ਆਰ ਸ਼ਾਹ ਦੇ ਬੈਂਚ ਨੇ ਇਸ ਬਾਰੇ ਕਿਹਾ ਕਿ ਸਨਅਤਾਂ ਅਤੇ ਮੁਲਾਜ਼ਮਾਂ ਨੂੰ ਇੱਕ-ਦੂਜੇ ਦੀ ਲੋੜ ਹੈ ਅਤੇ ਉਨ੍ਹਾਂ ਨੂੰ ਤਨਖ਼ਾਹਾਂ ਦੀ ਅਦਾਇਗੀ ਦੇ ਮੁੱਦੇ 'ਤੇ ਮਿਲ-ਬੈਠ ਕੇ ਕਿਸੇ ਸਮਝੌਤੇ 'ਤੇ ਪਹੁੰਚਣਾ ਚਾਹੀਦਾ ਹੈ। ਅਦਾਲਤ ਨੇ ਸੂਬਾ ਸਰਕਾਰਾਂ ਨੂੰ ਕੰਪਨੀਆਂ ਤੇ ਮੁਲਾਜ਼ਮਾਂ ਵਿਚਾਲੇ ਸਹਿਮਤੀ ਬਣਾਉਣ ਲਈ ਸਹਿਯੋਗ ਕਰਨ ਲਈ ਕਿਹਾ ਹੈ। ਸੁਪਰੀਮ ਕੋਰਟ ਨੇ ਕਿਹਾ ਕਿ ਸਰਕਾਰ ਸਬੰਧਤ ਲੇਬਰ ਕਮਿਸ਼ਨਰ ਨੂੰ ਵੀ ਰਿਪੋਰਟ ਕਰੇ। ਅਦਾਲਤ ਨੇ ਕੇਂਦਰ ਸਰਕਾਰ ਨੂੰ ਵੀ ਕਿਹਾ ਕਿ ਗ੍ਰਹਿ ਮੰਤਰਾਲੇ ਵੱਲੋਂ 29 ਮਾਰਚ ਨੂੰ ਜਾਰੀ ਕੀਤੇ ਗਏ ਸਰਕੁਲਰ ਬਾਰੇ ਚਾਰ ਹਫ਼ਤਿਆਂ ਵਿੱਚ ਐਫੀਡੇਵਿਟ ਪੇਸ਼ ਕੀਤਾ ਜਾਵੇ। ਮੰਤਰ-ਾਲੇ ਨੇ ਇਸ ਸਰਕੁਲਰ ਰਾਹੀਂ ਲੌਕਡਾਊਨ ਦੌਰਾਨ ਕੰਪਨੀਆਂ, ਅਦਾਰਿਆਂ, ਫਰਮਾਂ ਨੂੰ ਪੂਰੀ ਤਨਖ਼ਾਹ ਦੇਣੀ ਯਕੀਨੀ ਕਰਨ ਲਈ ਕਿਹਾ ਸੀ। ਇਸ ਸਰਕੁਲਰ ਖ਼ਿਲਾਫ਼ ਕਈ ਕੰਪਨੀਆਂ ਨੇ ਪਟੀਸ਼ਨਾਂ ਦਾਇਰ ਕੀਤੀਆਂ ਸਨ ਤੇ ਅਗਲੀ ਸੁਣਵਾਈ ਜੁਲਾਈ ਦੇ ਅਖ਼ੀਰ ਵਿੱਚ ਹੋਵੇਗੀ।

ਸੁਪਰੀਮ ਕੋਰਟ ਨੇ ਕੇਂਦਰ ਤੇ ਏਅਰਲਾਈਨ ਕੰਪਨੀਆਂ ਨੂੰ ਇ ਵੀ ਕਿਹਾ ਹੈ ਕਿ ਉਹ ਲੌਕਡਾਊਨ ਮਗਰੋਂ ਘਰੇਲੂ ਅਤੇ ਕੌਮਾਂਤਰੀ ਉਡਾਣਾਂ ਰੱਦ ਹੋਣ ਕਾਰਨ ਟਿਕਟਾਂ ਦਾ ਪੂਰਾ ਪੈਸਾ ਮੋੜਨ ਦੀ ਰੂਪ-ਰੇਖਾ ਤਿਆਰ ਕਰਨ ਲਈ ਰਲ ਕੇ ਵਿਚਾਰ ਵਟਾਂਦਰਾ ਕਰਨ। ਸੁਪਰੀਮ ਕੋਰਟ ਵੱਲੋਂ ਅਰਜ਼ੀ 'ਤੇ ਤਿੰਨ ਹਫ਼ਤਿਆਂ ਮਗਰੋਂ ਸੁਣਵਾਈ ਕੀਤੀ ਜਾਵੇਗੀ।

# ਨੇਪਾਲੀ ਫੋਰਸਾਂ ਵੱਲੋਂ ਗੋਲੀਬਾਰੀ ਵਿੱਚ ਇੱਕ ਭਾਰਤੀ ਦੀ ਮੌਤ

ਸੀਤਾਮੜੀ, ਬਿਹਾਰ, 14 ਜੂਨ, (ਪੋਸਟ ਬਿਊਰੋ)- ਨੇਪਾਲ ਦੀ ਹਥਿਆਰਬੰਦ ਫੋਰਸ (ਏ ਪੀ ਐੱਫ) ਵੱਲੋਂ ਅੱਜ ਭਾਰਤੀ ਸਰਹੱਦ ਨਾਲ ਲੱਗਦੇ ਆਪਣੇ ਇਲਾਕੇ ਵਿੱਚੋਂ ਭਾਰਤੀ ਲੋਕਾਂ ਨੂੰ ਨਿਸ਼ਾਨਾ ਬਣਾ ਕੇ ਕੀਤੀ ਅੰਨ੍ਹੇਵਾਹ ਫਾਇਰਿੰਗ ਵਿੱਚ ਇਕ ਭਾਰਤੀ ਦੀ ਮੌਤ ਹੋ ਗਈ ਅਤੇ ਦੋ ਜ਼ਖ਼ਮੀ ਹੋਏ ਦੱਸੇ ਜਾਂਦੇ ਹਨ। ਏ ਪੀ ਐੱਫ ਨੇ ਬਾਰਡਰ ਇਲਾਕੇ ਦੇ ਇੱਕ ਵਿਅਕਤੀ ਨੂੰ ਬੰਦੀ ਵੀ ਬਣਾ ਲਿਆ ਹੈ, ਜਿਸ ਨਾਲ ਬਾਰਡਰ ਉੱਤੇ ਤਣਾਅ ਵਧ ਗਿਆ ਅਤੇ ਦੋਵੇਂ ਦੇਸ਼ਾਂ ਦੇ ਸੀਨੀਅਰ ਅਧਿਕਾਰੀ ਓਥੇ ਪੁੱਜ ਗਏ ਹਨ। ਬਿਹਾਰ ਸਰਕਾਰ ਨੇ ਇਸ ਦੀ ਰਿਪੋਰਟ ਅੱਜ ਹੀ ਕੇਂਦਰ ਸਰਕਾਰ ਨੂੰ ਭੇਜ ਦਿੱਤੀ ਹੈ।

ਅੱਜ ਸ਼ੁੱਕਰਵਾਰ ਸਵੇਰੇ ਕਰੀਬ 8.30 ਵਜੇ ਸੋਨਬਰਸਾ ਥਾਣਾ ਇਲਾਕੇ ਵਿੱਚ ਨੇਪਾਲੀ ਫੋਰਸਾਂ ਨੇ ਇਹ ਫਾਇਰਿੰਗ ਕੀਤੀ ਹੈ। ਪਿੰਡ ਵਾਲਿਆਂ ਦੇ ਦੱਸਣ ਮੁਤਾਬਕ ਨੇਪਾਲ ਵੱਲੋਂ 18 ਫਾਇਰ ਹੋਏ ਤੇ ਮ੍ਰਿਤਕ ਦੀ ਪਛਾਣ ਜਾਨਕੀ ਨਗਰ ਟੋਲਾ ਲਾਲਬੰਦੀ ਦੇ ਵਾਸੀ 25 ਸਾਲਾ ਵਿਕੇਸ਼ ਕੁਮਾਰ ਵਜੋਂ ਹੋਈ ਹੈ। ਇਸ ਦੇ ਨਾਲ ਉਮੇਸ਼ ਰਾਮ ਤੇ ਉਦੈ ਸ਼ਰਮਾ ਨਾਂ ਦੇ ਦੋ ਜਣੇ ਜ਼ਖ਼ਮੀ ਹੋਏ ਹਨ। ਬੰਦੀ ਬਣਾਏ ਗਏ ਵਿਅਕਤੀ ਦੀ ਪਛਾਣ ਲਗਨ ਰਾਏ ਵਜੋਂ ਹੋਈ ਹੈ। ਬਿਹਾਰ ਦੇ ਜ਼ਿਲਾ ਸੀਤਾਮੜੀ ਦੇ ਐੱਸ ਪੀ ਅਨਿਲ ਕੁਮਾਰ ਨੇ ਦੱਸਿਆ ਕਿ ਏ ਪੀ ਐੱਫ ਦੀ ਕਾਰਵਾਈ ਵਿੱਚ ਇਕ ਭਾਰਤੀ ਦੀ ਮੌਤ ਹੋਈ ਅਤੇ ਦੋ ਜ਼ਖ਼ਮੀ ਹੋਣ ਤੋਂ ਇਲਾਵਾ ਇਕ ਨੂੰ ਨੇਪਾਲੀ ਫੋਰਸ ਨੇ ਬੰਦੀ ਬਣਾ ਲਿਆ ਹੈ।

ਵਰਨਣ ਯੋਗ ਹੈ ਕਿ ਕੋਰੋਨਾ ਲਾਕਡਾਊਨ ਤੋਂ ਬਾਅਦ ਨੇਪਾਲ ਦੀ ਸਰਹੱਦ ਸੀਲ ਹੋਣ ਕਾਰਨ ਦੋਵੇਂ ਦੇਸ਼ਾਂ ਵਿਚਾਲੇ ਹਰ ਕਿਸਮ ਦੀ ਆਵਾਜਾਈ ਬੰਦ ਹੈ। ਜਾਨਕੀ ਨਗਰ ਦਾ ਲਗਨ ਰਾਏ ਆਪਣੇ ਪੁੱਤਰ ਸ਼ਤਰੂਘਨ ਰਾਏ ਨਾਲ ਸਰਹੱਦ ਉੱਤੇ ਆਪਣੀ ਨੂੰਹ ਨੂੰ ਮਿਲਣ ਦੇ ਲਈ ਗਿਆ ਸੀ। ਉਨ੍ਹਾਂ ਦੇ ਛੋਟੇ ਪੁੱਤਰ ਵਿਨੇ ਰਾਏ ਦੀ ਪਤਨੀ ਅੰਚਲਾ ਦੇਵੀ ਓਧਰ ਨੇਪਾਲ ਦੇ ਮੋਹਤਰੀ ਜ਼ਿਲ੍ਹੇ ਦੇ ਗੁਲਰੀਆ ਤੋਂ ਆਪਣੀ ਮਾਂ ਜੈਕੁਮਾਰੀ ਅਤੇ ਪਰਿਵਾਰ ਨਾਲ ਸਹੁਰਿਆਂ ਨੂੰ ਮਿਲਣ ਆਈ ਸੀ। ਨੇਪਾਲ ਪੁਲਿਸ ਉਨ੍ਹਾਂ ਨੂੰ ਸਰਹੱਦ ਵਾਲੇ ਖੇਤਰ ਤੋਂ ਪਿੱਛੇ ਕਰਨਾ ਚਾਹੁੰਦੀ ਸੀ। ਪਿਤਾ-ਪੁੱਤਰ ਨੇ ਜਦੋਂ ਕੁਝ ਸਮਾਂ ਮੰਗਿਆ ਤਾਂ ਏ ਪੀ ਐੱਫ ਨੇ ਸ਼ਤਰੂਘਨ ਨੂੰ ਡਾਂਗ ਮਾਰ ਦਿੱਤੀ ਅਤੇ ਲਗਨ ਰਾਏ ਨੂੰ ਘਸੀਟ ਕੇ ਬਾਰਡਰ ਤੋਂ 100 ਮੀਟਰ ਦੂਰ ਲਿਜਾ ਕੇ ਬੰਦੀ ਬਣਾ ਲਿਆ। ਇਹ ਦੇਖ ਕੇ ਬਾਰਡਰ ਉੱਤੇ ਕ੍ਰਿਕਟ ਖੇਡਦੇ ਕੁਝ ਭਾਰਤੀ ਨੌਜਵਾਨਾਂ ਤੇ ਖੇਤਾਂ ਵਿੱਚ ਕੰਮ ਕਰਦੇ ਲੋਕਾਂ ਨੇ ਨੇਪਾਲ ਦੀ ਇਸ ਕਾਰਵਾਈ ਦਾ ਵਿਰੋਧ ਕੀਤਾ ਤਾਂ ਏ ਪੀ ਐੱਫ ਵਾਲਿਆਂ ਨੇ ਫਾਇਰਿੰਗ ਸ਼ੁਰੂ ਕਰ ਦਿੱਤੀ।

ਨੇਪਾਲ ਅਧਿਕਾਰੀਆਂ ਦਾ ਕਹਿਣਾ ਹੈ ਕਿ ਭਾਰਤੀ ਲੋਕ ਉਨ੍ਹਾਂ ਦੀਆਂ ਬੂੰਦਕਾਂ ਖੋਹ ਲੈਣਾ ਚਾਹੁੰਦੇ ਸਨ, ਜਿਸ ਕਾਰਨ ਉਨ੍ਹਾਂ ਵੱਲੋਂ ਫਾਇਰਿੰਗ ਕੀਤੀ ਗਈ ਹੈ। ਸੀਤਾਮੜੀ ਹਲਕੇ ਦੇ ਪਾਰਲੀਮੈਂਟ ਮੈਂਬਰ ਸੁਨੀਲ ਕੁਮਾਰ ਪਿੰਟੂ ਦਾ ਕਹਿਣਾ ਹੈ ਕਿ ਨੇਪਾਲ ਨੇ ਦੋਵੇਂ ਦੇਸ਼ਾਂ ਦੇ ਸਬੰਧਾਂ ਉੱਤੇ ਗੋਲੀਆਂ ਚਲਾਈਆਂ ਹਨ, ਇਹ ਕਾਰਵਾਈ ਸ਼ਰਮ ਵਾਲੀ ਹੈ।

# ਪੁਲਸ ਨੂੰ ਸ਼ਿਕਾਇਤ ਕਰਨ 'ਤੇ ਬਲਾਤਕਾਰ ਪੀੜਤ ਨੂੰ ਪੰਜ ਲੱਖ ਰੁਪਏ ਜੁਰਮਾਨਾ

ਜੈਪੁਰ, 14 ਜੂਨ (ਪੋਸਟ ਬਿਊਰੋ)- ਰਾਜਸਥਾਨ ਦੇ ਦਿਹਾਤੀ ਖੇਤਰਾਂ ਵਿੱਚ ਸਰਕਾਰ ਦੀ ਸਖਤੀ ਦੇ ਬਾਵਜੂਦ ਵੀ ਖਾਪ ਪੰਚਾਇਤਾਂ ਦੇ ਫਰਮਾਨ ਜਾਰੀ ਹੁੰਦੇ ਹਨ। ਸੂਬੇ ਦੇ ਸਰਹੱਦੀ ਜ਼ਿਲੇ ਬਾੜਮੇਰ ਵਿੱਚ ਏਦਾਂ ਦਾ ਕੇਸ ਪਤਾ ਲੱਗਾ ਹੈ।

ਇਥੇ ਇੱਕ ਬਲਾਤਕਾਰ ਪੀੜਤਾ ਵੱਲੋਂ ਦੋਸ਼ੀ ਦੇ ਖਿਲਾਫ ਪੁਲਸ ਵਿੱਚ ਰਿਪੋਰਟ ਦਰਜ ਕਰਾਉਣ ਅਤੇ ਸਮਝੌਤਾ ਨਾ ਕਰਨ ਤੋਂ ਨਾਰਾਜ਼ ਖਾਪ ਪੰਚਾਇਤ ਨੇ ਪੀੜਤਾ ਅਤੇ ਉਸ ਦੇ ਪਰਵਾਰ ਦਾ ਬਾਈਕਾਟ ਕਰ ਦਿੱਤਾ। ਪੀੜਤਾ ਦੇ ਪਰਵਾਰ ਦਾ ਹੁੱਕਾ-ਪਾਣੀ ਬੰਦ ਕਰਨ ਦੇ ਨਾਲ ਉਨ੍ਹਾਂ 'ਤੇ ਪੰਜ ਲੱਖ ਰੁਪਏ ਦਾ ਜੁਰਮਾਨਾ ਵੀ ਲਾ ਦਿੱਤਾ। ਪੀੜਤਾ ਦੇ ਪਰਵਾਰ ਨੇ ਪੰਚਾਂ ਦੇ ਸਾਹਮਣੇ ਆਪਣਾ ਫਰਮਾਨ ਵਾਪਸ ਲੈਣ ਦੀ ਗੁਹਾਰ ਲਾਈ, ਪਰ ਜਦ ਉਹ ਨਾ ਮੰਨੇ ਤਾਂ ਪੁਲਸ ਸੁਪਰਡੈਂਟ ਨੂੰ ਮਿਲ ਕੇ ਇਨਸਾਫ ਮੰਗਿਆ ਹੈ। ਇਸ ਉੱਤੇ ਪੁਲਸ ਸੁਪਰਡੈਂਟ ਨੇ ਪੰਚਾਂ ਦੇ ਖਿਲਾਫ ਮਾਮਲਾ ਦਰਜ ਕਰਨ ਦੇ ਨਿਰਦੇਸ਼ ਦਿੱਤੇ ਹਨ। ਪੀੜਤਾ ਦੇ ਨਾਲ ਬਲਾਤਕਾਰ ਮਾਮਲਾ ਕਰੀਬ ਪੰਜ ਸਾਲ ਪੁਰਾਣਾ ਹੈ। ਬਾੜਮੇਰ ਜ਼ਿਲੇ ਦੇ ਅਖਣੀਆ ਪਿੰਡ ਵਿੱਚ 22 ਜਨਵਰੀ ਨੂੰ ਪੀੜਤਾ ਘਰ ਵਿੱਚ ਇਕੱਲੀ ਸੀ। ਇਸੇ ਦੌਰਾਨ ਪਿੰਡ ਦੇ ਦੇਬਾਰਾਮ ਜਾਟ ਨੇ ਬਲਾਤਕਾਰ ਕੀਤਾ ਸੀ।

# ਜੀ ਐੱਸ ਟੀ ਵਿਚ ਹੇਰਾਫੇਰੀ ਦਾ 250 ਫਰਮਾਂ ਨੇ ਕਰੋੜਾਂ ਰੁਪਏ ਦਾ ਫਾਇਦਾ ਲਿਆ




ਮੰਡੀ ਗੋਬਿੰਦਗੜ੍ਹ, 14 ਜੂਨ (ਪੋਸਟ ਬਿਊਰੋ)- ਐਕਸਾਈਜ਼ ਅਤੇ ਟੈਕਸੇਸ਼ਨ ਵਿਭਾਗ ਨੇ ਮੰਡੀ ਗੋਬਿੰਦਗੜ੍ਹ 'ਚ 350 ਕਰੋੜ ਰੁਪਏ ਦੀ ਬੋਗਸ ਬਿਲਿੰਗ ਰੈਕੇਟ ਵਿੱਚ ਜਾਂਚ ਤੇਜ਼ ਕਰ ਦਿੱਤੀ ਹੈ। ਇਸ ਬੋਗਸ ਬਿਲਿੰਗ 'ਚ ਪੰਜਾਬ ਦੀਆਂ 250 ਫਰਮਾਂ ਨੇ ਕਰੋੜਾਂ ਰੁਪਏ ਦਾ ਲਾਭ ਉਠਾਇਆ ਹੈ।

ਇਸ ਰੈਕੇਟ ਦਾ ਪਰਦਾ ਫਾਸ਼ ਕਰਨ ਦੇ ਦੂਜੇ ਦਿਨ ਸ਼ਨੀਵਾਰ ਨੂੰ ਐਕਸਾਈਜ਼ ਤੇ ਟੈਕਸੇਸ਼ਨ ਵਿਭਾਗ ਤੋਂ ਇਲਾਵਾ ਕਮਿਸ਼ਨਰ ਸ਼ੌਕਤ ਅਹਿਮਦ ਪਰੇ ਦੀ ਅਗਵਾਈ ਵਿੱਚ ਟੀਮਾਂ ਨੇ ਲੁਧਿਆਣਾ, ਮੰਡੀ ਗੋਬਿੰਦਗੜ੍ਹ ਤੇ ਮਾਲੇਰਕੋਟਲੇ 'ਚ ਛਾਪੇ ਮਾਰੇ ਤੇ ਇਸ ਦੌਰਾਨ ਬੋਗਸ ਬਿਲਿੰਗ ਵਿੱਚ ਕਰੋੜਾਂ ਰੁਪਏ ਦਾ ਲਾਭ ਉਠਾਉਣ ਵਾਲੀਆਂ ਲੁਧਿਆਣਾ ਦੀਆਂ ਤਿੰਨ, ਮੰਡੀ ਗੋਬਿੰਦਗੜ੍ਹ ਦੀਆਂ ਦੋ ਤੇ ਮਾਲੇਰਕੋਟਲੇ ਦੀ ਇੱਕ ਫਰਮ ਦਾ ਰਿਕਾਰਡ ਜ਼ਬਤ ਕਰ ਕੇ ਇਨ੍ਹਾਂ ਤੋਂ ਜੁਰਮਾਨੇ ਸਮੇਤ ਟੈਕਸ ਵਸੂਲਣ ਦੀ ਪ੍ਰਕਿਰਿਆ ਸ਼ੁਰੂ ਕਰ ਦਿੱਤੀ ਹੈ। ਇੱਕ ਹੋਰ ਫਰਮ ਦਾ ਮਾਲਕ ਤਾਲਾ ਲਾ ਕੇ ਭੱਜ ਗਿਆ ਹੈ।

ਐਡੀਸ਼ਨਲ ਕਮਿਸ਼ਨਰ ਸ਼ੌਕਤ ਅਹਿਮਦ ਨੇ ਕਿਹਾ ਕਿ ਬੋਗਸ ਬਿਲਿੰਗ 'ਚ ਸ਼ਾਮਲ ਸਾਰੀਆਂ ਫਰਮਾਂ ਤੋਂ ਇੱਕ-ਇੱਕ ਪੈਸੇ ਦੀ ਵਸੂਲੀ ਜੁਰਮਾਨੇ ਸਮੇਤ ਕੀਤੀ ਜਾਵੇਗੀ। ਇਨ੍ਹਾਂ ਸਾਰੀਆਂ ਫਰਮਾਂ ਦਾ ਪਤਾ ਲਾਇਆ ਜਾ ਚੁੱਕਾ ਹੈ ਤੇ ਇਨ੍ਹਾਂ 'ਤੇ ਛਾਪੇਮਾਰੀ ਚੱਲਦੀ ਰਹੇਗੀ। ਵਰਨਣ ਯੋਗ ਹੈ ਕਿ ਬੀਤੇ ਸ਼ੁੱਕਰਵਾਰ ਨੂੰ ਮੰਡੀ ਗੋਬਿੰਦਗੜ੍ਹ 'ਚ ਰੈਕੇਟ ਦਾ ਪਰਦਾ ਫਾਸ਼ ਕਰਦਿਆਂ ਗੰਗਾ ਰਾਮ, ਉਸ ਦੇ ਦੋ ਪੁੱਤਰਾਂ ਅਮਿਤ ਕੁਮਾਰ ਅਤੇ ਵਿਸ਼ੇਸ਼ ਕੁਮਾਰ ਨੂੰ ਗ੍ਰਿਫਤਾਰ ਕੀਤਾ ਗਿਆ ਸੀ। ਬੋਗਸ ਬਿਲਿੰਗ ਰੈਕੇਟ ਚਲਾਉਣ ਵਾਲਾ ਮੁੱਖ ਦੋਸ਼ੀ ਗੰਗਾ ਰਾਮ ਕੁਝ ਗਰੀਬ ਲੋਕਾਂ ਨੂੰ ਹਰ ਮਹੀਨੇ ਪੰਜ ਤੋਂ ਵੀਹ ਹਜ਼ਾਰ ਰੁਪਏ ਦਾ ਲਾਲਚ ਦੇ ਕੇ ਉਨ੍ਹਾਂ ਨੂੰ ਕਾਰੋਬਾਰ ਵਿੱਚ ਲਾਉਣ ਦਾ ਝਾਂਸਾ ਦਿੰਦਾ ਤੇ ਉਨ੍ਹਾਂ ਤੋਂ ਆਈ ਡੀ ਪਰੂਫ ਲੈਂਦਾ ਅਤੇ ਉਨ੍ਹਾਂ ਦੇ ਨਾਂਅ 'ਤੇ ਬੈਂਕ ਖਾਤਾ ਖੁੱਲ੍ਹਵਾ ਕੇ ਫਰਮ ਖੋਲ੍ਹ ਲੈਂਦਾ ਸੀ। ਫਿਰ ਕਰੋੜਾਂ ਦੇ ਬੋਗਸ ਬਿੱਲ ਕੱਟਣ ਮਗਰੋਂ ਏਥੋਂ ਬਿਲਿੰਗ ਬੰਦ ਕਰ ਕੇ ਨਵੀਂ ਫਰਮ ਖੋਲ੍ਹੀ ਜਾਂਦੀ ਸੀ। ਬਿੱਲ ਕੱਟਣ ਮਗਰੋਂ ਇਸ ਤੋਂ ਬਿਲਿੰਗ ਬੰਦ ਕਰ ਕੇ ਨਵੀਂ ਫਰਮ ਖੋਲ੍ਹ ਲਈ ਜਾਂਦੀ ਸੀ। ਨੌਂ ਮਹੀਨਿਆਂ 'ਚ ਉਹ 100 ਤੋਂ ਵੱਧ ਫਰਜ਼ੀ ਫਰਮਾਂ ਤੋਂ ਸਾਢੇ ਤਿੰਨ ਸੌ ਕਰੋੜ ਦੀ ਬੋਗਸ ਬਿਲਿੰਗ ਕਰ ਚੁੱਕਾ ਸੀ।

# ਕੈਪਟਨ ਅਮਰਿੰਦਰ ਨੂੰ ਪੰਜਾਬ ਵਿੱਚ ਕੋਵਿਡ-19 ਦੇ ਕਮਿਊਨਿਟੀ ਸਪਰੈੱਡ ਦੀ ਚਿੰਤਾ

*** ਪੰਜਾਬ ਵਿੱਚ ਹਲਾਤ ਫਿਰ ਬਦਲੇ ਹੋਏ ਮੰਨੇ**



ਚੰਡੀਗੜ੍ਹ, 14 ਜੂਨ, (ਪੋਸਟ ਬਿਊਰੋ)- ਕੋਰੋਨਾ ਵਾਇਰਸ ਦੀ ਸੰਸਾਰ ਪੱਧਰ ਦੀ ਮਹਾਮਾਰੀ ਬਾਰੇ ਪੰਜਾਬ ਦੇ ਲੋਕਾਂ ਨਾਲ ਇੱਕ ਆਨਲਾਈਨ ਪ੍ਰੋਗਰਾਮ ਉੱਤੇ ਗੱਲ ਕਰਦਿਆਂ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਇਸ ਮਹਾਮਾਰੀ ਦੇ ਪਸਾਰ ਨੂੰ ਨੋਟ ਕਰਦਿਆਂ ਕਿਹਾ ਹੈ ਕਿ ਇੱਕ ਵਾਰ ਫਿਰ ਏਥੇ ਕੋਰੋਨਾ ਜ਼ੋਰ ਵਿਖਾ ਰਿਹਾ ਹੈ ਤੇ ਇਸ ਨੂੰ ਰੋਕਣ ਦੀ ਲੋੜ ਹੈ। ਉਨ੍ਹਾਂ ਇਹ ਵੀ ਕਿਹਾ ਕਿ ਪੰਜਾਬ ਦੇ ਹਲਾਤ ਮੁੜ ਕੇ ਬਦਲ ਰਹੇ ਹਨ।

ਇਸ ਮੌਕੇ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਤਬਲੀਗੀ ਜਮਾਤ ਵਾਲਿਆਂ ਤੇ ਹਜ਼ੂਰ ਸਾਹਿਬ ਤੋਂ ਆਏ ਹੋਏ ਸ਼ਰਧਾਲੂਆਂ ਦੇ ਠੀਕ ਹੋਣ ਮਗਰੋਂ ਬਿਮਾਰੀ ਦਾ ਕਹਿਰ ਰੁਕ ਗਿਆ ਸੀ, ਪਰ ਇਸ ਹਫਤੇ ਫਿਰ ਤੇਜ਼ ਹੋਇਆ ਹੈ। ਉਨ੍ਹਾ ਨੇ ਜ਼ੋਰ ਦੇ ਕੇ ਕਿਹਾ ਕਿ ਜੁਲਾਈ ਤੋਂ ਸਤੰਬਰ ਤੱਕ ਕੋਰੋਨਾ ਸਿਖਰ ਉੱਤੇ ਪੁੱਜ ਸਕਦਾ ਹੈ। ਮੁੱਖ ਮੰਤਰੀ ਨੇ ਕਿਹਾ ਕਿ ਉਨ੍ਹਾਂ ਨੇ ਹਾਲਾਤ ਵੇਖ ਕੇ ਸਖ਼ਤੀ ਕੀਤੀ ਹੈ। ਉਨ੍ਹਾਂ ਕਿਹਾ ਕਿ ਰੋਜ਼ 6000 ਗੱਡੀਆਂ ਦਿੱਲੀ ਤੋਂ ਪੰਜਾਬ ਆਉਂਦੀਆਂ ਹਨ। ਕੈਪਟਨ ਅਮਰਿੰਦਰ ਸਿੰਘ ਨੇ ਕੈਂਬ੍ਰਿਜ ਯੂਨੀਵਰਸਿਟੀ ਦੀ ਰਿਪੋਰਟ ਦੇ ਹਵਾਲੇ ਨਾਲ ਕਿਹਾ ਕਿ ਸਿਰਫ ਮਾਸਕ ਪਾਉਣ ਨਾਲ 75-80 ਫੀਸਦੀ ਬੀਮਾਰੀ ਰੁਕ ਸਕਦੀ ਹੈ, ਇਸ ਲਈ ਇਹ ਲਾਜ਼ਮੀ ਹੈ। ਉਨ੍ਹਾ ਕਿਹਾ ਕਿ ਯੂਨੀਵਰਸਿਟੀਆਂ ਅਤੇ ਕਾਲਜਾਂ ਦੇ ਇਮਤਿਹਾਨ 30 ਜੂਨ ਤੱਕ ਨਹੀਂ ਹੋਣਗੇ, ਇਸ ਬਾਰੇ 1 ਜੁਲਾਈ ਨੂੰ ਕੇਂਦਰ ਸਰਕਾਰ ਵੱਲੋਂ ਵਿਦਿਅਕ ਸੰਸਥਾਵਾਂ ਬਾਰੇ ਫੈਸਲੇ ਵਿੱਚ ਨਵੇਂ ਆਦੇਸ਼ ਤੋਂ ਬਾਅਦ ਹੀ ਕਾਲਜ ਤੇ ਯੂਨੀਵਰਸਿਟੀ ਇਮਤਿਹਾਨਾਂ ਦਾ ਫੈਸਲਾ ਲਿਆ ਜਾਵੇਗਾ।

# ਪਾਤੜਾਂ ਨੇੜੇ ਹਾਦਸੇ ਵਿੱਚ ਪਤੀ-ਪਤਨੀ ਤੇ ਬੇਟੀ ਦੀ ਮੌਤ

ਪਾਤੜਾਂ, 14 ਜੂਨ (ਪੋਸਟ ਬਿਊਰੋ)- ਇੱਕ ਸੜਕ ਹਾਦਸੇ ਵਿੱਚ ਪਤੀ-ਪਤਨੀ ਅਤੇ ਉਨ੍ਹਾਂ ਦੀ 13 ਸਾਲਾ ਬੇਟੀ ਦੀ ਮੌਤ ਹੋ ਗਈ ਅਤੇ ਮੋਟਰ ਸਾਈਕਲ ਅਤੇ ਪਿੱਕ ਅੱਪ ਗੱਡੀ ਦੇ ਹਾਦਸੇ ਵਿੱਚ ਬਾਈਕ ਦੇ ਪਰਖੱਚੇ ਉੱਡ ਗਏ। ਪਹਿਲਾਂ ਪੁਲਸ ਨੇ ਬੱਚੀ ਦੀ ਗੰਭੀਰ ਹਾਲਤ ਦੇਖਦਿਆਂ ਉਸ ਨੂੰ ਹਸਪਤਾਲ ਪੁਚਾਇਆ, ਪਰ ਓਥੋਂ ਡਾਕਟਰਾਂ ਨੇ ਉਸ ਨੂੰ ਪਟਿਆਲਾ ਦੇ ਰਜਿੰਦਰਾ ਹਸਪਤਾਲ ਰੈਫਰ ਕਰ ਦਿੱਤਾ ਅਤੇ ਰਾਹ ਵਿੱਚ ਉਸ ਦੀ ਮੌਤ ਹੋ ਗਈ। ਪੁਲਸ ਨੇ ਗੱਡੀ ਦੇ ਡਰਾਈਵਰ ਨੂੰ ਹਿਰਾਸਤ ਵਿੱਚ ਲੈ ਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਮਿਲੀ ਜਾਣਕਾਰੀ ਅਨੁਸਾਰ ਕਰਮਚੰਦ ਵਾਸੀ ਦੇਧਨਾ ਮੋਟਰ ਸਾਈਕਲ 'ਤੇ ਪਤਨੀ ਅਤੇ ਧੀ ਨਾਲ ਜਾ ਰਿਹਾ ਸੀ ਕਿ ਪਟਿਆਲਾ ਰੋਡ 'ਤੇ ਸਾਹਮਣੇ ਤੋਂ ਆ ਰਹੀ ਗੱਡੀ ਨੇ ਟੱਕਰ ਮਾਰੀ ਜਿਸ ਨਾਲ ਪਤੀ-ਪਤਨੀ ਦੀ ਮੌਕੇ 'ਤੇ ਮੌਤ ਹੋ ਗਈ ਅਤੇ ਜ਼ਖਮੀ ਲੜਕੀ ਨੂੰ ਪਟਿਆਲਾ ਲੈ ਜਾਂਦੇ ਸਮੇਂ ਮੌਤ ਹੋ ਗਈ। ਮ੍ਰਿਤਕਾਂ ਦੇ ਰਿਸ਼ਤੇਦਾਰਾਂ ਨੇ ਦੱਸਿਆ ਕਿ ਕਰਮ-ਚੰਦ ਸਹੁਰੇ ਘਰੋਂ ਵਾਪਸ ਆਪਣੇ ਪਿੰਡ ਜਾ ਰਿਹਾ ਸੀ ਕਿ ਹਾਦਸਾ ਵਾਪਰ ਗਿਆ। ਥਾਣਾ ਮੁਖੀ ਹਰਸ਼ਵੀਰ ਸਿੰਘ ਸੰਧੂ ਨੇ ਦੱਸਿਆ ਕਿ ਹਾਦਸੇ ਦੀ ਸੂਚਨਾ ਮਿਲਣ 'ਤੇ ਜ਼ਖ਼ਮੀਆਂ ਨੂੰ ਪਾਤੜਾਂ ਹਸਪਤਾਲ ਪਹੁੰਚਾਇਆ, ਪਰ ਗੰਭੀਰ ਜ਼ਖ਼ਮੀ ਕਰਮਚੰਦ ਤੇ ਉਸਦੀ ਪਤਨੀ ਗਗਨਦੀਪ ਕੌਰ ਦਮ ਤੋੜ ਗਏ। ਉਨ੍ਹਾਂ ਦੀ ਧੀ ਮਨੂ ਉਰਫ ਪ੍ਰੀਆ ਪਟਿਆਲਾ ਦੇ ਰਜਿੰਦਰਾ ਹਸਪਤਾਲ ਲਿਜਾਂਦੇ ਸਮੇਂ ਦਮ ਤੋੜ ਗਈ।

# ਪੁਲਸ ਵਿੱਚ ਭਾਰਤੀ ਕਰਾਉਣ ਦੇ ਨਾਂਅ 'ਤੇ ਲੱਖਾਂ ਦੀ ਠੱਗੀ



ਫਤਹਿਗੜ੍ਹ ਸਾਹਿਬ, 14 ਜੂਨ (ਪੋਸਟ ਬਿਊਰੋ)- ਪੰਜਾਬ ਪੁਲਸ ਤੋਂ ਕੱਢੇ ਹੌਲਦਾਰ ਵੱਲੋਂ ਡੀ ਜੀ ਪੀ ਦਾ ਫਰਜ਼ੀ ਰੀਡਰ ਬਣ ਕੇ ਕਈ ਲੋਕਾਂ ਨਾਲ ਲੱਖਾਂ ਦੀ ਠੱਗੀ ਮਾਰਨ ਦਾ ਭੇਦ ਖੁੱਲ੍ਹਾ ਹੈ। ਇਸ ਦੇ ਖਿਲਾਫ ਇੱਕ ਨੌਜਵਾਨ ਨੇ ਸਪੋਰਟਸ ਕੋਟੇ 'ਚ ਭਰਤੀ ਕਰਵਾਉਣ ਦਾ ਝਾਂਸਾ ਦੇ ਕੇ ਪੰਜ ਲੱਖ ਦੀ ਠੱਗੀ ਮਾਰਨ ਦਾ ਕੇਸ ਦਰਜ ਕਰਵਾਇਆ ਹੈ।

ਥਾਣਾ ਬਡਾਲੀ ਆਲਾ ਸਿੰਘ ਪੁਲਸ ਨੂੰ ਦਿੱਤੀ ਸ਼ਿਕਾਇਤ ਵਿੱਚ ਬਲਜੀਤ ਸਿੰਘ ਵਾਸੀ ਈਸਰਹੇਲ ਨੇ ਦੱਸਿਆ ਕਿ ਗੁਲਾਬ ਸਿੰਘ ਵਾਸੀ ਪਹਿਰਾ ਖੁਰਦ (ਰਾਜਪੁਰਾ) ਨਾਲ 2017 ਵਿੱਚ ਉਸ ਦੇ ਇੱਕ ਰਿਸ਼ਤੇਦਾਰ ਨੇ ਮੁਲਾਕਾਤ ਕਰਵਾਈ ਸੀ ਜਿਸ ਨੇ ਆਪਣੇ ਆਪ ਨੂੰ ਡੀ ਜੀ ਪੀ ਦਾ ਰੀਡਰ ਦੱਸ ਕੇ ਉਸ ਨੂੰ ਸਪੋਰਟਸ ਕੋਟੇ 'ਚ ਭਰਤੀ ਕਰਵਾਉਣ ਦਾ ਝਾਂਸਾ ਦਿੱਤਾ ਸੀ। ਉਨ੍ਹਾਂ ਦੱਸਿਆ ਕਿ 14 ਜੁਲਾਈ 2017 ਤੋਂ ਅਗਸਤ ਤੱਕ ਉਹ ਉਸ ਤੋਂ ਪੰਜ ਲੱਖ ਰੁਪਏ ਲੈ ਗਿਆ, ਪਰੰਤੂ ਅਜੇ ਤੱਕ ਉਸ ਨੂੰ ਭਰਤੀ ਨਹੀਂ ਕਰਾਇਆ, ਜਿਸ ਤੋਂ ਬਾਅਦ ਛੇ ਸਤੰਬਰ 2019 ਨੂੰ ਰੋਪੜ ਰੇਂਜ ਦੇ ਆਈ ਜੀ ਨੂੰ ਉਸ ਖਿਲਾਫ ਸ਼ਿਕਾਇਤ ਦਿੱਤੀ ਸੀ ਤੇ ਪੜਤਾਲ ਤੋਂ ਬਾਅਦ 12 ਜੂਨ ਨੂੰ ਉਸ ਦੇ ਖਿਲਾਫ ਕੇਸ ਦਰਜ ਹੋਇਆ ਹੈ। ਬਲਜੀਤ ਸਿੰਘ ਨੇ ਦੱਸਿਆ ਕਿ ਗੁਲਾਬ ਸਿੰਘ ਪੰਜਾਬ ਦੇ ਕਈ ਜ਼ਿਲਿਆਂ ਦੇ ਦਰਜਨਾਂ ਲੋਕਾਂ ਤੋਂ ਪੁਲਸ ਭਰਤੀ ਦੇ ਨਾਂਅ 'ਤੇ ਲੱਖਾਂ ਰੁਪਏ ਦੀ ਠੱਗੀ ਮਾਰ ਚੁੱਕਾ ਹੈ ਜਿਸ ਖਿਲਾਫ ਕਈ ਥਾਣਿਆਂ ਵਿੱਚ ਦਰਖਾਸਤਾਂ ਆਈਆਂ ਹਨ, ਪਰ ਫਤਿਹਗੜ੍ਹ ਸਾਹਿਬ ਵਿੱਚ ਉਸ ਖਿਲਾਫ ਮਾਮਲਾ ਦਰਜ ਹੋਣ ਉਪਰੰਤ ਹੋਰ ਵੀ ਠੱਗੀ ਮਾਰਨ ਦੇ ਮਾਮਲੇ ਸਾਹਮਣੇ ਆਉਣਗੇ।

# ਡੇਰਾ ਮੁਖੀ ਨੂੰ ਲੁੱਟਣ ਵਾਲੇ ਤਿੰਨ ਜਣੇ ਫੜੇ ਗਏ

ਆਦਮਪੁਰ ਦੋਆਬਾ, 14 ਜੂਨ (ਪੋਸਟ ਬਿਊਰੋ)- ਜਲੰਧਰ ਦਿਹਾਤੀ ਜ਼ਿਲੇ ਦੀ ਪੁਲਸ ਨੇ ਬੀਤੇ ਦਿਨੀਂ ਆਦਮਪੁਰ ਦੇ ਇੱਕ ਡੇਰੇ ਦੇ ਮੁਖੀ ਨੂੰ ਲੁੱਟਣ ਵਾਲੇ ਤਿੰਨ ਜਣਿਆਂ ਨੂੰ ਗ੍ਰਿਫਤਾਰ ਕੀਤਾ ਹੈ। ਇਨ੍ਹਾਂ ਕੋਲੋਂ ਲੁੱਟੀ ਹੋਈ ਕਾਰ, 12 ਬੋਰ ਦੀ ਬੰਦੂਕ, ਕਾਰਤੂਸ ਅਤੇ 19851 ਰੁਪਏ ਬਰਾਮਦ ਕੀਤੇ ਗਏ ਹਨ। ਪੁਲਸ ਅਧਿਕਾਰੀਆਂ ਨੇ ਦੱਸਿਆ ਕਿ ਸੀ ਆਈ ਏ ਦਿਹਾਤੀ ਅਤੇ ਆਦਮਪੁਰ ਪੁਲਸ ਦੀ ਟੀਮ ਨੇ ਸੀ ਸੀ ਟੀ ਵੀ ਕੈਮਰਿਆਂ ਦੀ ਫੁਟੇਜ ਦਾ ਪਿੱਛਾ ਕਰਦੇ ਹੋਏ ਕੈਥਲ (ਹਰਿਆਣਾ) ਦੇ ਪਿੰਡ ਫਤਹਿਪੁਰ ਪੂੰਦਰੀ ਤੋਂ ਤਿੰਨਾਂ ਜਣਿਆਂ ਨੂੰ ਕਾਬੂ ਕੀਤਾ ਹੈ। ਫੜੇ ਗਏ ਵਿਅਕਤੀ 10 ਜੂਨ ਨੂੰ ਆਦਮਪੁਰ ਵਿੱਚ ਨਿਰਮਲ ਕੁਟੀਆ ਡੇਰੇ ਦੇ ਮੁਖੀ ਬਾਬਾ ਤਰਸੇਮ ਸਿੰਘ ਨੂੰ ਕੋਈ ਨਸ਼ੀਲੀ ਚੀਜ਼ ਖੁਆ ਕੇ ਅਤੇ ਉਨ੍ਹਾਂ ਦੇ ਹੱਥ ਪੈਰ ਬੰਨ੍ਹ ਕੇ ਡੇਰੇ ਤੋਂ ਸਵਿਫਟ ਕਾਰ, 12 ਬੋਰ ਦੀ ਰਾਈਫਲ, ਕਾਰਤੂਸ ਅਤੇ 45 ਹਜ਼ਾਰ ਰੁਪਏ ਨਕਦ ਲੁੱਟ ਕੇ ਲੈ ਗਏ ਸਨ। ਪਿੱਛੋਂ ਪੁਲਸ ਨੇ ਪੰਜ ਵੱਖ-ਵੱਖ ਟੀਮਾਂ ਬਣਾ ਕੇ ਦਿੱਲੀ, ਰਾਜਸਥਾਨ ਅਤੇ ਹਰਿਆਣਾ ਭੇਜੀਆਂ ਸਨ। ਇਸੇ ਦੌਰਾਨ ਪੁਲਸ ਨੇ ਹਰਿਆਣਾ ਦੇ ਜ਼ਿਲਾ ਕੈਥਲ ਦੇ ਪਿੰਡ ਫਤਹਿਪੁਰ ਪੂੰਦਰੀ ਵਿੱਚ ਪ੍ਰਦੀਪ ਕੁਮਾਰ ਦੇ ਘਰ ਛਾਪਾ ਮਾਰਿਆ ਤੇ ਉਥੋਂ ਤਿੰਨ ਜਣੇ ਪੁਲਸ ਨੂੰ ਮਿਲੇ।



ਨੇਪਾਲ-ਭਾਰਤ ਵਿਵਾਦ

# ਨੇਪਾਲੀ ਪਾਰਲੀਮੈਂਟ ਦੇ ਹੇਠਲੇ ਸਦਨ ਤੋਂ ਨਵੇਂ ਨਕਸ਼ੇ ਦਾ ਵਿਵਾਦਤ ਬਿੱਲ ਪਾਸ

## * ਭਾਰਤ ਨੇ ਕਿਹਾ: ਮੰਨਣ ਯੋਗ ਨਹੀਂ



ਕਾਠਮੰਡੂ, 14 ਜੂਨ, (ਪੋਸਟ ਬਿਊਰੋ)- ਭਾਰਤ ਸਰਕਾਰ ਵੱਲੋਂ ਦਿੱਤੀ ਗਈ ਸਖ਼ਤ ਚਿਤਾਵਨੀ ਦੇ ਬਾਵਜੂਦ ਅੱਜ ਨੇਪਾਲ ਦੀ ਪਾਰਲੀਮੈਂਟ ਦੇ ਹੇਠਲੇ ਸਦਨ ਨੇ ਵਿਵਾਦ ਵਾਲੀ ਸਰਹੱਦ ਦੇ ਨਵੇਂ ਨਕਸ਼ੇ ਨੂੰ ਮਾਨਤਾ ਦੇਣ ਲਈ ਜ਼ਰੂਰੀ ਸੰਵਿਧਾਨ ਸੋਧ ਬਿੱਲ ਸਰਬ ਸੰਮਤੀ ਨਾਲ ਪਾਸ ਕਰ ਦਿੱਤਾ ਹੈ। ਨਵਾਂ ਨਕਸ਼ਾ ਭਾਰਤੀ ਕੰਟਰੋਲ ਵਾਲੇ ਇਲਾਕੇ ਵਿਚਲੇ ਲਿਪੁਲੇਖ, ਕਾਲਾ ਪਾਣੀ ਅਤੇ ਲਿੰਪਿਆਧੁਰਾ ਨੂੰ ਨੇਪਾਲ ਵਿੱਚ ਸ਼ਾਮਲ ਕਰ ਕੇ ਬਣਾਇਆ ਗਿਆ ਹੈ।

ਨੇਪਾਲ ਦੀਆਂ ਸਾਰੀਆਂ ਪ੍ਰਮੁੱਖ ਰਾਜਸੀ ਧਿਰਾਂ ਨੇਪਾਲੀ ਕਾਂਗਰਸ, ਰਾਸ਼ਟਰੀ ਜਨਤਾ ਪਾਰਟੀ-ਨੇਪਾਲ ਤੇ ਰਾਸ਼ਟਰੀ ਜਮਹੂਰੀ ਪਾਰਟੀ ਨੇ ਇਸ ਮੌਕੇ ਮਿਸਾਲੀ ਏਕਤਾ ਦਿਖਾਈ ਤੇ ਦੇਸ਼ ਦੇ ਸੰਵਿਧਾਨ ਦੀ ਤੀਸਰੀ ਸੂਚੀ ਵਿੱਚ ਸੋਧ ਨੂੰ ਸਰਬ ਸੰਮਤੀ ਨਾਲ ਪਾਰਲੀਮੈਂਟ ਦੇ ਹੇਠਲੇ ਸਦਨ ਵਿੱਚ ਮਨਜ਼ੂਰ ਕਰ ਦਿੱਤਾ ਹੈ। ਵਰਨਣ ਯੋਗ ਹੈ ਕਿ ਨੇਪਾਲ ਨੇ ਪਿਛਲੇ ਮਹੀਨੇ ਆਪਣੇ ਦੇਸ਼ ਦਾ ਨਵਾਂ ਨਕਸ਼ਾ ਜਾਰੀ ਕਰ ਕੇ ਰਣਨੀਤਕ ਪੱਖੋਂ ਬਹੁਤ ਮਹੱਤਵ ਪੂਰਨ ਇਲਾਕਿਆਂ ਲਿਪੁਲੇਖ, ਕਾਲਾਪਾਣੀ ਅਤੇ ਲਿੰਪਿਆਧੁਰਾ ਨੂੰ ਆਪਣੇ ਖੇਤਰ ਵਿੱਚ ਦੱਸਿਆ ਸੀ। ਭਾਰਤ ਦਾ ਕਹਿਣਾ ਕਿ ਇਹ ਤਿੰਨੇ ਇਲਾਕੇ ਉਸ ਦੀ ਹੱਦ ਵਿੱਚ ਹਨ। ਇਸ ਬਾਰੇ ਨੇਪਾਲ ਨੂੰ ਸਖਤ ਚਿਤਾਵਨੀ ਦਿੰਦਿਆਂ ਭਾਰਤ ਨੇ ਕਿਹਾ ਸੀ ਕਿ ਉਹ ਨਵਾਂ ਨਕਸ਼ਾ ਬਣਾ ਕੇ ਆਪਣੇ ਦੇਸ਼ ਦੀ ਸਰਹੱਦ ਦਾ 'ਫ਼ਰਜ਼ੀ ਵਾਧਾ' ਕਰਨ ਦੀ ਕੋਸ਼ਿਸ਼ ਨਾ ਕਰੇ।

ਅੱਜ ਨੇਪਾਲੀ ਪਾਰਲੀਮੈਂਟ ਦੇ ਹੇਠਲੇ ਸਦਨ ਦੇ ਸਪੀਕਰ ਅਗਨੀ ਸਪਕੋਤਾ ਨੇ ਕਿਹਾ ਕਿ ਇਹ ਬਿੱਲ ਦੋ ਤਿਹਾਈ ਤੋਂ ਵੱਧ ਵੋਟਾਂ ਨਾਲ ਪਾਸ ਹੋਇਆ ਹੈ। ਸਦਨ ਵਿੱਚ ਮੌਜੂਦ ਸਾਰੇ 258 ਮੈਂਬਰਾਂ ਨੇ ਇਸ ਦੇ ਪੱਖ ਵਿੱਚ ਵੋਟਿੰਗ ਕੀਤੀ ਤੇ ਵਿਰੋਧ ਵਿੱਚ ਕੋਈ ਵੋਟ ਨਹੀਂ ਪਈ। ਅੱਜ ਸ਼ਨਿਚਰਵਾਰ ਸਦਨ ਦੀ ਬੈਠਕ ਸ਼ੁਰੂ ਹੁੰਦੇ ਸਾਰ ਵੱਖ-ਵੱਖ ਮੈਂਬਰਾਂ ਨੇ ਵਿਚਾਰ ਪ੍ਰਗਟ ਕਰਨੇ ਸ਼ੁਰੂ ਕਰ ਦਿੱਤੇ ਸਨ। ਹਾਕਮ ਪਾਰਟੀ ਦੇ ਮੈਂਬਰ ਅਤੇ ਸਾਬਕਾ ਪ੍ਰਧਾਨ ਮੰਤਰੀ ਪੁਸ਼ਪ ਕਮਲ ਦਹਿਲ ਨੇ ਕਿਹਾ ਕਿ ਰਾਜਿਆਂ ਦੇ ਦੌਰ ਵਿੱਚ ਅਸੀਂ ਜਿੰਨੀ ਜ਼ਮੀਨ ਗੰਵਾਈ ਸੀ, ਅੱਜ ਉਸ ਨੂੰ ਜਮਹੂਰੀ ਢੰਗ ਨਾਲ ਵਾਪਸ ਲੈਣ ਦਾ ਯਤਨ ਕਰ ਰਹੇ ਹਾਂ, ਅਸੀਂ ਨਹੀਂ ਚਾਹੁੰਦੇ ਕਿ ਸਾਡੀ ਦੱਖਣੀ ਸਰਹੱਦ ਵਾਲੇ ਗੁਆਂਢੀ ਨਾਲ ਕਿਸੇ ਤਰ੍ਹਾਂ ਦੀ ਦੁਸ਼ਮਣੀ ਬਣੇ। ਉਨ੍ਹਾਂ ਕਿਹਾ ਕਿ ਸਾਨੂੰ ਆਸ ਹੈ ਕਿ ਗੱਲਬਾਤ ਤੇ ਕੂਟਨੀਤਿਕ ਢੰਗਾਂ ਨਾਲ ਸਰਹੱਦੀ ਮਸਲਿਆਂ ਨੂੰ ਹਮੇਸ਼ਾ ਲਈ ਹੱਲ ਕਰ ਲਿਆ ਜਾਵੇਗਾ। ਨੇਪਾਲੀ ਕਾਂਗਰਸ ਦੇ ਪ੍ਰਧਾਨ ਸ਼ੇਰ ਬਹਾਦਰ ਦੇਓਬਾ ਨੇ ਕਿਹਾ ਕਿ ਰਾਸ਼ਟਰੀਅਤਾ ਅਤੇ ਖੇਤਰੀ ਅਖੰਡਤਾ ਦੇ ਮੁੱਦੇ ਉੱਤੇ ਉਨ੍ਹਾਂ ਦੀ ਪਾਰਟੀ ਬਾਕੀਆਂ ਦੇ ਨਾਲ ਹੈ। ਉਨ੍ਹਾਂ ਦੇ ਮੁਤਾ-ਬਕ ਸਾਲ 1816 ਦੇ ਸੁਗੌਲੀ ਸਮਝੌਤੇ ਅਨੁਸਾਰ ਮਹਾਕਾਲੀ ਨਦੀ ਦੇ ਪੂਰਬੀ ਹਿੱਸੇ ਤੱਕ ਸਾਡੀ ਜ਼ਮੀਨ ਹੈ ਅਤੇ ਪਾਰਟੀ ਇਸ ਸਟੈਂਡ ਦੀ ਹਮਾਇਤ ਕਰਦੀ ਹੈ।

ਇਸ ਤੋਂ ਪਹਿਲਾਂ ਬੀਤੀ ਨੌਂ ਜੂਨ ਨੂੰ ਨੇਪਾਲ ਦੀ ਪਾਰਲੀਮੈਂਟ ਸਰਬ ਸੰਮਤੀ ਨਾਲ ਅੱਜ ਵਾਲੀ ਸੋਧ ਬਿੱਲ ਦਾ ਰਾਹ ਸਾਫ਼ ਕਰ ਚੁੱਕੀ ਸੀ। ਅੱਗੋਂ ਇਹ ਬਿੱਲ ਪਾਰਲੀਮੈਂਟ ਦੇ ਉੱਪਰਲੇ ਸਦਨ ਨੈਸ਼ਨਲ ਅਸੈਂਬਲੀ ਨੂੰ ਜਾਵੇਗਾ, ਜਿੱਥੇ ਰਾਜ ਕਰ ਰਹੀ ਨੇਪਾਲ ਕਮਿਊਨਿਸਟ ਪਾਰਟੀ ਦਾ ਦੋ ਤਿਹਾਈ ਬਹੁਮਤ ਹੈ ਅਤੇ ਓਥੇ ਇਸ ਨੂੰ 72 ਘੰਟੇ ਵਿੱਚ ਪਾਸ ਕਰਨਾ ਪਵੇਗਾ। ਨੈਸ਼ਨਲ ਅਸੈਂਬਲੀ ਤੋਂ ਪਾਸ ਹੋਣ ਪਿੱਛੋਂ ਇਹ ਬਿੱਲ ਰਾਸ਼ਟਰਪਤੀ ਦੀ ਮਨਜ਼ੂਰੀ ਨਾਲ ਨੇਪਾਲ ਦੇ ਸੰਵਿਧਾਨ ਵਿੱਚ ਸ਼ਾਮਲ ਹੋ ਜਾਵੇਗਾ। ਨੇਪਾਲ ਸਰਕਾਰ ਨੇ ਨਕਸ਼ੇ ਵਿੱਚ ਸ਼ਾਮਲ ਕੀਤੇ ਤਿੰਨ ਇਲਾਕਿਆਂ ਬਾਰੇ ਇਤਿਹਾਸਕ ਤੱਥ ਤੇ ਸਬੂਤ ਇਕੱਠੇ ਕਰਨ ਲਈ ਮਾਹਰਾਂ ਦੀ ਨੌਂ ਮੈਂਬਰੀ ਕਮੇਟੀ ਬਣਾਈ ਹੈ। ਡਿਪਲੋਮੈਟਾਂ ਤੇ ਮਾਹਿਰਾਂ ਨੇ ਸਰਕਾਰ ਦੇ ਇਸ ਕਦਮ ਬਾਰੇ ਕਿਹਾ ਕਿ ਜਦੋਂ ਕੈਬਨਿਟ ਨੇ ਨਵੇਂ ਨਕਸ਼ੇ ਨੂੰ ਮਾਨਤਾ ਦੇ ਕੇ ਜਾਰੀ ਕਰ ਦਿੱਤਾ ਹੈ ਤਾਂ ਕਮੇਟੀ ਬਣਾਉਣ ਦੀ ਕੀ ਲੋੜ ਸੀ।

ਭਾਰਤ ਸਰਕਾਰ ਨੇ 8 ਮਈ ਨੂੰ ਜਦੋਂ ਧਾਰਚੂਲਾ ਤੇ ਲਿਪੁਲੇਖ ਕੋਲੋਂ ਲੰਘਦੀ 80 ਕਿਲੋਮੀਟਰ ਲੰਬੀ ਇੱਕ ਮਹੱਤਵ ਪੂਰਨ ਸੜਕ ਦਾ ਉਦਘਾਟਨ ਕੀਤਾ ਸੀ, ਉਸ ਦਿਨ ਤੋਂ ਦੋਵੇਂ ਦੇਸ਼ਾਂ ਦੇ ਸਬੰਧ ਤਣਾਅ ਵਾਲੇ ਹੋ ਗਏ ਹਨ। ਨੇਪਾਲ ਨੇ ਇਸ ਸੜਕ ਦੇ ਨੇਪਾਲੀ ਇਲਾਕੇ ਵਿੱਚੋਂ ਲੰਘਣ ਦਾ ਦੋਸ਼ ਲਾ ਕੇ ਸਖ਼ਤ ਇਤਰਾਜ਼ ਕੀਤੇ ਹਨ। ਭਾਰਤ ਨੇ ਨੇਪਾਲ ਦਾ ਦਾਅਵਾ ਰੱਦ ਕਰ ਕੇ ਕਿਹਾ ਸੀ ਕਿ ਇਹ ਸੜਕ ਪੂਰੀ ਤਰ੍ਹਾਂ ਉਸ ਦੇ ਇਲਾਕੇ ਵਿੱਚ ਹੀ ਬਣਾਈ ਗਈ ਹੈ।

# ਪਾਕਿ ਵੱਲੋਂ ਗਿਲਗਿਤ-ਬਾਲਟਿਸਤਾਨ ਵਿੱਚ ਦੋ ਭਾਰਤੀ ਜਾਸੂਸ ਫੜ੍ਹ ਲੈਣ ਦਾ ਦਾਅਵਾ



ਲਾਹੌਰ, 14 ਜੂਨ (ਪੋਸਟ ਬਿਊਰੋ)- ਪਾਕਿਸਤਾਨੀ ਸੁਰੱਖਿਆ ਬਲਾਂ ਨੇ ਆਪਣੇ ਕਬਜ਼ੇ ਵਾਲੇ ਕਸ਼ਮੀਰ ਦੇ ਗਿਲਗਿਤ-ਬਾਲਟਿਸਤਾਨ 'ਚ ਕੰਟਰੋਲ ਰੇਖਾ ਨੇੜੇ ਕਿਸੇ ਖੇਤਰ 'ਚੋਂ ਦੋ ਭਾਰਤੀਆਂ ਨੂੰ ਜਾਸੂਸੀ ਦੇ ਦੋਸ਼ 'ਚ ਫੜਨ ਦਾ ਦਾਅਵਾ ਕੀਤਾ ਹੈ। ਗ੍ਰਿਫਤਾਰ ਕੀਤੇ ਇਨ੍ਹਾਂ ਨੌਜਵਾਨਾਂ ਨੇ ਆਪਣੀ ਪਛਾਣ ਨੂਰ ਮੁਹੰਮਦ ਵਾਨੀ ਅਤੇ ਫਿਰੋਜ਼ ਅਹਿਮਦ ਲੋਨ ਦੱਸੀ ਤੇ ਖੁਦ ਨੂੰ ਦੋਵਾਂ ਨੂੰ ਭਾਰਤੀ ਕਸ਼ਮੀਰ ਦੇ ਬਾਂਦੀਪੋਰਾ ਜ਼ਿਲੇ ਦੇ ਗੁਰੇਜ਼ ਤਹਿਸੀਲ ਦੇ ਪਿੰਡ ਅਚੋਰਾ ਦਾ ਵਾਸੀ ਦੱਸਿਆ ਹੈ। ਹਿਰਾਸਤ 'ਚ ਲਏ ਦੋਵਾਂ ਨੌਜਵਾਨਾਂ ਨੂੰ ਭਾਰਤੀ ਜਾਸੂਸ ਦੱਸ ਕੇ ਪਾਕਿ ਸੁਰੱਖਿਆ ਬਲਾਂ ਨੇ ਪੁਲਸ ਦੇ ਹਵਾਲੇ ਕਰ ਦਿੱਤਾ ਹੈ, ਜਿਨ੍ਹਾਂ ਕੋਲੋਂ ਭਾਰਤੀ ਕਰੰਸੀ ਦੇ 20-20 ਰੁਪਏ ਦੇ ਪੰਜ ਨੋਟ (ਕੁੱਲ 100 ਰੁਪਏ), ਦੋ ਮੋਬਾਈਲ ਫੋਨ ਅਤੇ ਇੱਕ ਸ਼ਨਾਖਤੀ ਕਾਰਡ ਬਰਾਮਦ ਕੀਤਾ ਦੱਸਿਆ ਤੇ ਇਸ ਕਾਰਡ 'ਤੇ ਜੰਮੂ-ਕਸ਼ਮੀਰ ਯੂਨੀਵਰਸਿਟੀ-ਸਟੂਡੈਂਟ ਲਿਖਿਆ ਦੱਸਿਆ ਗਿਆ ਹੈ। ਇਸ ਦੇ ਇਲਾਵਾ ਉਨ੍ਹਾਂ ਪਾਸੋਂ ਹੋਰ ਕੋਈ ਅਜਿਹਾ ਦਸਤਾਵੇਜ਼ ਨਹੀਂ ਮਿਲਿਆ, ਜਿਸ ਤੋਂ ਇਹ ਪੁਸ਼ਟੀ ਕੀਤੀ ਜਾ ਸਕੇ ਕਿ ਇਹ ਦੋਵੇਂ ਨੌਜਵਾਨ ਜਾਸੂਸੀ ਕਰਨ ਦੇ ਇਰਾਦੇ ਨਾਲ ਓਧਰ ਗਏ ਹਨ। ਗਿਲਗਿਤ ਦੇ ਐੱਸ ਐੱਸ ਪੀ ਰਜ਼ਾ ਮਿਰਜ਼ਾ ਹਸਨ ਨੇ ਪ੍ਰੈੱਸ ਕਾਨਫਰੰਸ 'ਚ ਕਥਿਤ ਜਾਸੂਸਾਂ ਨੂੰ ਮੀਡੀਆ ਕੋਲ ਪੇਸ਼ ਕੀਤਾ। ਪੁਲਸ ਵੱਲੋਂ ਦਿੱਤੀ ਸਕ੍ਰਿਪਟ ਨੂੰ ਉਕਤ ਨੌਜਵਾਨਾਂ ਨੇ ਇੱਕ-ਇੱਕ ਸ਼ਬਦ ਪੜ੍ਹਦਿਆਂ ਕਿਹਾ ਕਿ ਉਹ 'ਗੁਲਾਮ' ਕਸ਼ਮੀਰ ਦੇ ਵਸਨੀਕ ਹਨ ਅਤੇ ਉਨ੍ਹਾਂ ਨੂੰ ਜ਼ਬਰਦਸਤੀ ਜਾਸੂਸ ਬਣਾ ਕੇ ਪਾਕਿਸਤਾਨ ਭੇਜਿਆ ਗਿਆ ਹੈ। ਉਨ੍ਹਾਂ ਇਹ ਵੀ ਕਿਹਾ ਕਿ ਜਾਸੂਸੀ ਕਰਨ ਲਈ ਉਨ੍ਹਾਂ ਨੂੰ ਇੱਕ ਲੱਖ ਰੁਪਏ ਪੇਸ਼ਗੀ ਅਤੇ 10 ਲੱਖ ਰੁਪਏ ਮਿਸ਼ਨ ਪੂਰਾ ਹੋਣ ਤੋਂ ਬਾਅਦ ਦੇਣ ਦਾ ਵਾਅਦਾ ਕੀਤਾ ਗਿਆ ਸੀ।

# ਅਮਰੀਕੀ ਮਿਲਟਰੀ ਅਕੈਡਮੀ ਦੀ ਪਹਿਲੀ ਸਿੱਖ ਮਹਿਲਾ ਗ੍ਰੈਜੂਏਟ ਬਣੀ ਅਨਮੋਲ ਨਾਰੰਗ



ਰੋਜ਼ਵੈੱਲ (ਅਮਰੀਕਾ), 14 ਜੂਨ (ਪੋਸਟ ਬਿਊਰੋ)- ਵੈਸਟ ਪੁਆਇੰਟ ਅਮਰੀਕੀ ਮਿਲਟਰੀ ਅਕੈਡਮੀ ਤੋਂ ਕੱਲ੍ਹ ਪਹਿਲੀ ਸਿੱਖ ਮਹਿਲਾ ਅਨਮੋਲ ਨਾਰੰਗ ਆਪਣੀ ਚਾਰ ਸਾਲਾ ਡਿਗਰੀ ਪੂਰੀ ਕਰ ਕੇ ਇਤਿਹਾਸ ਬਣਾਉਣ ਲੱਗੀ ਹੈ।

ਜਾਰਜੀਆ ਦੇ ਰੋਜ਼ਵੈੱਲ ਵਿੱਚ ਜਨਮੀ ਅਨਮੋਲ ਨਾਰੰਗ ਸੈਕਿੰਡ ਲੈਫਟੀਨੈਂਟ ਬਣ ਗਈ ਹੈ। ਵੈਸਟ ਪੁਆਇੰਟ ਤੋਂ ਐਟਮੀ ਇੰਜੀਨੀਅਰਿੰਗ ਦੀ ਗ੍ਰੈਜੂਏਟ ਡਿਗਰੀ ਕਰਨ ਤੋਂ ਪਹਿਲਾਂ ਉਸ ਨੇ ਜਾਰਜੀਆ ਇੰਸਟੀਚਿਊਟ ਆਫ ਟੈਕਨਾਲੋਜੀ ਵਿੱਚ ਇੱਕ ਸਾਲ ਦੀ ਅੰਡਰ ਗਰੈਜੂਏਟ ਪੜ੍ਹਾਈ ਕੀਤੀ ਸੀ। ਉਹ ਹਵਾਈ ਰੱਖਿਆ ਦੇ ਖੇਤਰ ਵਿੱਚ ਕਰੀਅਰ ਬਣਾਉਣਾ ਚਾਹੁੰਦੀ ਹੈ। ਅਨਮੋਲ ਨੇ ਦੱਸਿਆ, 'ਵੈਸਟ ਪੁਆਇੰਟ ਤੋਂ ਗਰੈਜੂਏਟ ਡਿਗਰੀ ਕਰਨ ਦਾ ਸੁਫਨਾ ਪੂਰਾ ਹੋਣ 'ਤੇ ਮੈਂ ਬੇਹੱਦ ਖੁਸ਼ੀ ਅਤੇ ਮਾਣ ਮਹਿਸੂਸ ਕਰ ਰਹੀ ਹਾਂ। ਮੇਰੇ ਭਾਈਚਾਰੇ ਦਾ ਵਿਸ਼ਵਾਸ ਅਤੇ ਸਹਿਯੋਗ ਮੇਰੇ ਲਈ ਬਹੁਤ ਅਰਥ ਰੱਖਦਾ ਹੈ ਤੇ ਮੈਂ ਸ਼ੁਕਰ ਗੁਜ਼ਾਰ ਹਾਂ ਕਿ ਮੈਂ ਆਪਣੀ ਮੰਜ਼ਿਲ ਪਾ ਕੇ ਹੋਰ ਸਿੱਖ ਅਮਰੀਕੀਆਂ ਨੂੰ ਦਿਖਾ ਸਕੀ ਹਾਂ ਕਿ ਜੇ ਇਨਸਾਨ ਚੁਣੌਤੀਆਂ ਦਾ ਸਾਹਮਣਾ ਕਰਨ ਲਈ ਤਿਆਰ ਹੋਵੇ ਤਾਂ ਕੋਈ ਵੀ ਕਰੀਅਰ ਅਸੰਭਵ ਨਹੀਂ ਹੈ।"

# ਚੀਨ ਵਿੱਚ ਤੇਲ ਟੈਂਕਰ ਧਮਾਕੇ ਵਿੱਚ 10 ਜਣਿਆਂ ਦੀ ਮੌਤ



ਬੀਜਿੰਗ, 14 ਜੂਨ (ਪੋਸਟ ਬਿਊਰੋ)- ਪੂਰਬੀ ਚੀਨ ਦੇ ਝੇਜੀਆਂਗ ਸੂਬੇ ਵਿੱਚ ਇੱਕ ਤੇਲ ਟੈਂਕਰ ਅਤੇ ਟਰੱਕ ਦੇ ਧਮਾਕੇ ਵਿੱਚ 10 ਲੋਕਾਂ ਦੀ ਮੌਤ ਹੋ ਗਈ ਤੇ 117 ਜ਼ਖਮੀ ਹੋ ਗਏ। ਇਹ ਘਟਨਾ ਕੱਲ੍ਹ ਸ਼ਾਮ ਵੇਨਲਿੰਗ ਸ਼ਹਿਰ ਦੇ ਲਿਆਂਗਸ਼ਾਨ ਪਿੰਡ ਨੇੜੇ ਵਾਪਰੀ। ਧਮਾਕੇ ਨਾਲ ਨੇੜੇ ਦੇ ਕੁਝ ਰਿਹਾਇਸ਼ੀ ਮਕਾਨ, ਫੈਕਟਰੀ ਤੇ ਵਰਕਸ਼ਾਪ ਤਬਾਹ ਹੋ ਗਏ।

ਇਸ ਥਾਂ ਦੇ ਨੇੜੇ ਇੱਕ ਰੈਸਟੋਰੈਂਟ ਵਿੱਚ ਕੰਮ ਕਰਦੀ ਲੂ ਫਾਂਗ ਨੇ ਦੱਸਿਆ ਕਿ ਉਸ ਨੇ ਜ਼ੋਰ ਦੀ ਆਵਾਜ਼ ਸੁਣੀ ਸੀ। ਇਹ ਐਕਸਪ੍ਰੈਸ ਵੇਅ 'ਤੇ ਸੁਣੀ ਜਾਣ ਵਾਲੀ ਆਮ ਆਵਾਜ਼ ਵਾਂਗ ਸੀ, ਪਰ ਉਸ ਤੋਂ ਤੁਰੰਤ ਬਾਅਦ ਧਮਾਕੇ ਦੀਆਂ ਖਬਰਾਂ ਆਉਣ ਲੱਗੀਆਂ। ਕੁਝ ਤਸਵੀਰਾਂ ਤੇ ਵੀਡੀਓ 'ਚ ਧਮਾਕੇ ਨਾਲ ਤਬਾਹ ਹੋਏ ਮਕਾਨ ਦਾ ਅਗਲਾ ਹਿੱਸਾ ਦਿਖਾਇਆ ਗਿਆ। ਉਸ ਨੇ ਕਿਹਾ ਕਿ ਉਸ ਦੇ ਘਰ ਦੀਆਂ ਖਿੜਕੀਆਂ ਦੇ ਸ਼ੀਸ਼ੇ ਅਤੇ ਦਰਵਾਜ਼ੇ ਨੁਕਸਾਨੇ ਗਏ, ਪਰ ਮਾਂ ਅਤੇ ਭਰਾ ਨੂੰ ਕੋਈ ਨੁਕਸਾਨ ਨਹੀਂ ਪੁੱਜਾ। ਉਸ ਨੇ ਦੱਸਿਆ ਕਿ ਧਮਾਕੇ ਤੋਂ ਬਾਅਦ ਆਲੇ ਦੁਆਲੇ ਹਫੜਾ-ਦਫੜੀ ਮਚ ਗਈ।

# ਰੋਸ ਪ੍ਰਦਰਸ਼ਨ ਅੱਗੇ ਝੁਕੇ ਟਰੰਪ ਵੱਲੋਂ ਪੁਲਿਸ ਸੁਧਾਰ ਲਾਗੂ ਕਰਨ ਦਾ ਐਲਾਨ

ਵਾਸ਼ਿੰਗਟਨ, 14 ਜੂਨ, (ਪੋਸਟ ਬਿਊਰੋ)- ਅਮਰੀਕਾ ਵਿੱਚ ਗੈਰ ਗੋਰੇ ਨਾਗਰਿਕ ਜਾਰਜ ਫਲਾਇਡ ਦੀ ਮੌਤ ਦੇ ਬਾਅਦ ਵਧ ਰਹੇ ਰੋਸ ਪ੍ਰਦਰਸ਼ਨਾਂ ਦੇ ਦਬਾਅ ਅੱਗੇ ਝੁਕ ਕੇ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਅੱਜ ਪੁਲਿਸ ਸੁਧਾਰਾਂ ਦੀ ਗੱਲ ਮੰਨ ਲਈ ਤੇ ਕਿਹਾ ਹੈ ਕਿ ਇਸ ਬਾਰੇ ਸਰਕਾਰੀ ਹੁਕਮ ਤਿਆਰ ਹੋ ਰਿਹਾ ਹੈ, ਜਿਸ ਵਿੱਚ ਪੁਲਿਸ ਵੱਲੋਂ ਤਾਕਤ ਦੀ ਵਰਤੋਂ ਲਈ ਮੌਜੂਦਾ ਪੇਸ਼ੇਵਰ ਸਟੈਂਡਰਡ ਉੱਤੇ ਖਰਾ ਉਤਰਨ ਦੇ ਪ੍ਰਬੰਧ ਕੀਤੇ ਜਾਣਗੇ।

ਵਰਨਣ ਯੋਗ ਹੈ ਕਿ ਮਿਨੀਪੋਲਿਸ ਵਿਚ 25 ਮਈ ਨੂੰ ਪੁਲਿਸ ਦੀ ਹਿਰਾਸਤ ਦੌਰਾਨ ਗੈਰ ਗੋਰੇ ਨਾਗਰਿਕ ਜਾਰਜ ਫਲਾਇਡ ਦੀ ਮੌਤ ਤੋਂ ਬਾਅਦ ਪੁਲਿਸ ਸੁਧਾਰਾਂ ਬਾਰੇ ਦੇਸ਼ ਵਿੱਚ ਰੋਸ ਪ੍ਰਦਰਸ਼ਨ ਚੱਲ ਪਏ ਸਨ। ਡੋਨਾਲਡ ਟਰੰਪ ਨੇ ਅੱਜ ਡਲਾਸ ਵਿਚ ਇਕ ਮੀਟਿੰਗ ਵਿੱਚ ਕਿਹਾ ਕਿ 'ਦੋ ਹਫ਼ਤੇ ਪਹਿਲੇ ਜੋ ਹੋਇਆ, ਉਸ ਨਾਲ ਦੇਸ਼ ਦੇ ਅਕਸ ਨੂੰ ਨੁਕਸਾਨ ਪੁੱਜਾ ਹੈ ਅਤੇ ਪਿਛਲੇ ਦੋ ਹਫਤਿਆਂ ਵਿਚ ਜਿਵੇਂ ਲੋਕ ਮਾਰੇ ਗਏ ਹਨ, ਉਹ ਅਤਿ ਭਿਆਨਕ, ਡਰਾਵਨਾ ਅਤੇ ਗੈਰ ਵਾਜਬ ਹੈ। ਇਨ੍ਹਾਂ ਮਰਨ ਵਾਲਿਆਂ ਵਿੱਚ ਕਈ ਪੁਲਿਸ ਵਾਲੇ ਵੀ ਸਨ। ਇਹ ਬਹੁਤ ਖ਼ਰਾਬ ਹਾਲਤ ਸੀ। ਮੈਂ ਇਹ ਦੁਬਾਰਾ ਨਹੀਂ ਦੇਖਣਾ ਚਾਹੁੰਦਾ।' ਉਨ੍ਹਾਂ ਕਿਹਾ ਕਿ ਦੇਸ਼ ਦੀ ਆਰਥਿਕਤਾ ਵੱਲ ਧਿਆਨ ਦੇ ਕੇ ਨਾ-ਬਰਾਬਾਰੀ ਅਤੇ ਨਸਲੀ ਸਬੰਧਾਂ ਦੀ ਸਮੱਸਿਆ ਨਜਿੱਠਣ ਦੇ ਯਤਨ ਵਧਾਉਣ ਦੀ ਲੋੜ ਹੈ।' ਡੋਨਾਲਡ ਟਰੰਪ ਨੇ ਕਿਹਾ ਕਿ ਅਸੀਂ ਉਸ ਸਰਕਾਰੀ ਆਦੇਸ਼ ਨੂੰ ਅੰਤਿਮ ਰੂਪ ਦੇਣ ਲਈ ਕੰਮ ਕਰ ਰਹੇ ਹਾਂ, ਜਿਸ ਨਾਲ ਦੇਸ਼ ਦੇ ਪੁਲਿਸ ਵਿਭਾਗ ਤਾਕਤ ਦੀ ਵਰਤੋਂ ਵਾਲੇ ਮੌਜੂਦਾ ਪੇਸ਼ੇਵਰ ਸਟੈਂਡਰਡਜ਼ ਉੱਤੇ ਚੱਲ ਸਕੇ। ਉਨ੍ਹਾਂ ਨੇ ਡਲਾਸ ਵਿਚ ਨਸਲੀ ਸਬੰਧਾਂ ਤੇ ਪੁਲਿਸ ਵੱਲੋਂ ਕਾਨੂੰਨ-ਵਿਵਸਥਾ ਕਾਇਮ ਰੱਖਣ ਬਾਰੇ ਚਰਚਾ ਦੌਰਾਨ ਦਰਸ਼ਕਾਂ ਨੂੰ ਇਸ ਨਵੇਂ ਆਦੇਸ਼ ਬਾਰੇ ਬਹੁਤ ਘੱਟ ਜਾਣਕਾਰੀ ਦਿੱਤੀ। ਪੁਲਿਸ ਸੁਧਾਰਾਂ ਦੇ ਬਾਰੇ ਡੋਨਾਲਡ ਟਰੰਪ ਨੇ ਇਹ ਪਹਿਲਾ ਠੋਸ ਬਿਆਨ ਦਿੱਤਾ ਹੈ। ਉਨ੍ਹਾਂ ਕਿਹਾ ਕਿ ਹਰ ਬੱਚੇ ਨੂੰ ਸੁਰੱਖਿਅਤ ਅਤੇ ਹਿੰਸਾ ਤੇ ਭੈਅ ਤੋਂ ਮੁਕਤ ਸਮਾਜ ਵਿਚ ਵੱਡਾ ਹੋਣ ਦਾ ਹੱਕ ਹੈ।


# GREAT OPPOURTUNITY TO INVEST IN NIAGRA FALLS



- Freehold Traditional 2-Storey townhouse
- 3 Bedroom + 2 Bedroom finished basement
- Deposit less than 10% in 5 months

Starting from low 400,000

✓ Freehold ✓ 25x100ft lot
✓ Individual Yard & Driveway ✓ Finished Basement

40k Deposit Structure
$10,000 Submitted with offer
$10,000 Submitted 90 days after Offer Date
$20,000 Submitted 150 days after Offer Date

Jagdish Grewal
Sales Representative




Residential | Commercial | Investment

(416) 970-5005

Office: 905-488-2100
Ext. 348

Century 21 President Realty Inc Brokerage* Independently Owned and Operated.

www.vipcondonetwork.com
27 Armthorpe Rd Brampton #3,
ON L6T 5M4 | Fax : 905-488-2101



## ‘ਪਾਤਾਲ ਲੋਕ’ ਦੇ ਬਾਅਦ ‘ਬੁਲਬੁਲ’ ਲੈ ਕੇ ਆ ਰਹੀ ਹੈ ਅਨੁਸ਼ਕਾ ਸ਼ਰਮਾ

ਵੈੱਬ ਸ਼ੋਅ ‘ਪਾਤਾਲ ਲੋਕ’ ਨਾਲ ਬਤੌਰ ਨਿਰਮਾਤਾ ਡਿਜੀਟਲ ਡੈਬਿਊ ਕਰ ਚੁੱਕੀ ਅਨੁਸ਼ਕਾ ਸ਼ਰਮਾ ਆਪਣਾ ਇੱਕ ਹੋਰ ਪ੍ਰੋਜੈਕਟ ਲੈ ਕੇ ਆ ਰਹੀ ਹੈ। ਉਸ ਨੇ ਨੈੱਟਫਲਿਕਸ ਲਈ ਬਣਾਈ ਫਿਲਮ ‘ਬੁਲ-ਬੁਲ’ ਦੇ ਰਿਲੀਜ਼ ਦਾ ਐਲਾਨ ਕੀਤਾ ਹੈ। ਅਨੁਸ਼ਕਾ ਨੇ ਫਿਲਮ ਦਾ ਇੱਕ ਮੋਸ਼ਨ ਪੋਸਟਰ ਸਾਂਝਾ ਕੀਤਾ ਹੈ, ਜਿਸ ਵਿੱਚ ਇੱਕ ਲੜਕੀ ਪਰੀ ਦੀ ਤਰ੍ਹਾਂ ਇੱਕ ਰੁੱਖ ਤੋਂ ਦੂਸਰੇ ਰੁੱਖ 'ਤੇ ਉੱਡਦੇ ਹੋਏ ਪੈਰ ਰੱਖਦੀ ਨਜ਼ਰ ਆਉਂਦੀ ਹੈ, ਪਰ ਜੇ ਗੌਰ ਨਾਲ ਦੇਖੀਏ ਤਾਂ ਉਸ ਦੇ ਪੈਰ ਉਲਟੇ ਹਨ। ਇਸ ਤੋਂ ਅੰਦਾਜ਼ਾ ਹੋ ਜਾਂਦਾ ਹੈ ਕਿ ਇਹ ਸੁਪਰਨੈਚੁਰਲ ਫਿਲਮ ਹੋਵੇਗੀ। ਫਿਲਮ 24 ਜੂਨ ਨੂੰ ਰਿਲੀਜ਼ ਹੋਵੇਗੀ।

ਇਸ ਦੀ ਜਾਣਕਾਰੀ ਦਿੰਦੇ ਹੋਏ ਅਨੁਸ਼ਕਾ ਨੇ ਲਿਖਿਆ, ‘‘ਇਹ ਹੈ ਬੁਲਬੁਲ ਦੀ ਪਹਿਲੀ ਝਲਕ। ਖੁਦ ਦੀ ਖੋਜ, ਨਿਆਂ ਦੀ ਇੱਕ ਬਿਹਤਰੀਨ ਕਹਾਣੀ, ਜੋ ਸਾਜ਼ਿਸ਼ ਅਤੇ ਰਹੱਸ ਵਿੱਚ ਲਪੇਟੀ ਹੋਈ ਹੈ। ਨੈੱਟਫਲਿਕਸ 'ਤੇ ਜਲਦ ਆ ਰਹੀ ਹੈ। ਇਸ ਬਾਰੇ ਹੋਰ ਦੱਸਣ ਦਾ ਇੰਤਜ਼ਾਰ ਨਹੀਂ ਕਰ ਸਕਦੀ।’’ ਫਿਲਮ ਵਿੱਚ ਰਾਹੁਲ ਬੋਸ, ਅਵਿਨਾਸ਼ ਤਿਵਾੜੀ, ਤ੍ਰਿਪਤੀ ਡਿਮਰੀ ਅਹਿਮ ਕਿਰਦਾਰਾਂ ਵਿੱਚ ਹਨ। ਇਸ ਤੋਂ ਪਹਿਲਾਂ ਆਪਣੇ ਪ੍ਰੋਡਕਸ਼ਨ ਵਿੱਚ ਅਨੁਸ਼ਕਾ ਸ਼ਰਮਾ ‘ਪਰੀ’ ਵਰਗੀ ਹਾਰਰ ਫਿਲਮ ਬਣਾ ਚੁੱਕੀ ਹੈ। ਉਸ ਫਿਲਮ ਵਿੱਚ ਉਹ ਮੇਨ ਲੀਡ ਵਿੱਚ ਸੀ।

## ਨੈੱਟਫਲਿਕਸ 'ਤੇ ਰਿਲੀਜ਼ ਹੋਵੇਗੀ ‘ਗੁੰਜਨ ਸਕਸੈਨਾ’



ਕਰਣ ਜੌਹਰ ਦੇ ਧਰਮਾ ਪ੍ਰੋਡਕਸ਼ਨ ਦੀ ਫਿਲਮ ‘ਗੁੰਜਨ ਸਕਸੈਨਾ : ਦ ਕਾਰਗਿਲ ਗਰਲ’ ਬਾਰੇ ਇੱਕ ਆਫੀਸ਼ਲ ਅਨਾਊਂਸਮੈਂਟ ਹੋਈ ਹੈ। ਜਾਹਨਵੀ ਕਪੂਰ ਸਟਾਰਰ ਇਹ ਫਿਲਮ ਨੈੱਟਫਲਿਕਸ 'ਤੇ ਰਿਲੀਜ਼ ਹੋਵੇਗੀ। ਮੇਕਰਸ ਪਹਿਲਾਂ ਇਸ ਨੂੰ 13 ਮਾਰਚ ਤੇ ਫਿਰ 24 ਅਪ੍ਰੈਲ ਨੂੰ ਥੀਏਟਰ ਵਿੱਚ ਰਿਲੀਜ਼ ਕਰਨ ਵਾਲੇ ਸਨ, ਪਰ ਕੋਵਿਡ 19 ਦੇ ਕਾਰਨ ਇਸ ਦੀ ਰਿਲੀਜ਼ ਡੇਟ ਟਾਲ ਦਿੱਤੀ ਗਈ ਸੀ। ਪਿੱਛੇ ਜਿਹੇ ਨੈੱਟਫਲਿਕਸ ਨੇ ਫਿਲਮ ਦਾ ਇੱਕ ਇਮੋਸ਼ਨਲ ਵੀਡੀਓ ਸ਼ੇਅਰ ਕੀਤਾ ਗਿਆ ਹੈ ਜਿਸ ਵਿੱਚ ਗੁੰਜਨ ਸਕਸੈਨਾ ਦੀ ਅਸਲ ਕਹਾਣੀ ਦੱਸੀ ਗਈ ਹੈ। ਇਸ ਵਿੱਚ ਜਾਹਨਵੀ ਤੇ ਅੰਗਦ ਬੇਦੀ ਵੀ ਅਹਿਮ ਕਿਰਦਾਰਾਂ ਵਿੱਚ ਨਜ਼ਰ ਆਉਣਗੇ। ਅਜੇ ਤੱਕ ਮੇਕਰਸ ਨੇ ਇਸ ਦੀ ਰਿਲੀਜ਼ ਡੇਟ ਅਨਾਊਂਸ ਨਹੀਂ ਕੀਤੀ। ਕਰਣ ਜੌਹਰ ਨੇ ਇਸ ਤੋਂ ਪਹਿਲਾਂ ਦਿੱਤੇ ਆਪਣੇ ਇੱਕ ਬਿਆਨ ਵਿੱਚ ਕਿਹਾ ਸੀ ਕਿ ਜੋ ਵੱਡੇ ਬਜਟ ਦੀਆਂ ਫਿਲਮਾਂ ਹਨ, ਉਨ੍ਹਾਂ ਨੂੰ ਥੀਏਟਰ ਖੁੱਲ੍ਹਣ ਦਾ ਇੰਤਜ਼ਾਰ ਕਰਨਾ ਚਾਹੀਦਾ ਹੈ। ਫਿਰ ਵੀ ਕੁਝ ਦਿਨਾਂ ਬਾਅਦ ਉਨ੍ਹਾਂ ਨੇ ਇਹ ਕਿਹਾ ਕਿ ਛੋਟੇ ਬਜਟ ਦੀਆਂ ਫਿਲਮਾਂ ਡਿਜੀਟਲ ਪਲੇਟਫਾਰਮ ਨੂੰ ਐਕਸਪਲੋਰ ਕਰ ਸਕਦੀਆਂ ਹਨ, ਕਿਉਂਕਿ ਜਦ ਸਿਨੇਮਾਘਰ ਖੁੱਲ੍ਹੇ ਤਾਂ ਸਭ ਤੋਂ ਪਹਿਲਾਂ ਵੱਡੇ ਬਜਟ ਦੀਆਂ ਫਿਲਮਾਂ ਹੀ ਰਿਲੀਜ਼ ਹੋਣਗੀਆਂ। ਸੂਤਰਾਂ ਮੁਤਾਬਕ ਬੀਤੇ ਦਿਨਾਂ ਵਿੱਚ ਮੇਕਰਸ ਨੇ ਮੁੰਬਈ, ਦਿੱਲੀ ਵਰਗੇ ਵੱਡੇ ਸ਼ਹਿਰਾਂ ਵਿੱਚ ਸਿਨੇਮਾਘਰ ਖੁੱਲ੍ਹਣ ਦੀਆਂ ਸੰਭਾਵਨਾਵਾਂ ਘੱਟ ਦੇਖ ਕੇ ਇਸ ਨੂੰ ਡਿਜੀਟਲੀ ਰਿਲੀਜ਼ ਕਰਨ ਦਾ ਫੈਸਲਾ ਕੀਤਾ ਹੈ ਅਤੇ ਨੈੱਟਫਲਿਕਸ ਨੇ ‘ਗੁੰਜਨ ਸਕਸੈਨਾ’ ਨੂੰ ਲਿਆ ਹੈ।

## ਆਲੀਆ ਤੋਂ ਡਰੀ ਹੋਈ ਸੀ ਸੀਮਾ ਪਾਹਵਾ



ਸੰਜੇ ਲੀਲਾ ਬੰਸਾਲੀ ਦੇ ਨਿਰਦੇਸ਼ਨ ਵਿੱਚ ਬਣ ਰਹੀ ਫਿਲਮ ‘ਗੰਗੂਬਾਈ ਕਾਠਿਆਵਾੜੀ’ ਵਿੱਚ ਆਲੀਆ ਭੱਟ ਮੇਨ ਭੂਮਿਕਾ ਵਿੱਚ ਹੈ। ਆਲੀਆ ਨਾਲ ਕੰਮ ਕਰਦੀ ਸੀਮਾ ਪਾਹਵਾ ਉਸ ਦੇ ਸੁਭਾਅ ਬਾਰੇ ਥੋੜ੍ਹਾ ਡਰੀ ਹੋਈ ਸੀ। ਇੰਸਟਾਗ੍ਰਾਮ ਲਾਈਵ 'ਤੇ ਆਪਣੇ ਪ੍ਰਸ਼ੰਸਕਾਂ ਨਾਲ ਗੱਲਬਾਤ ਕਰਦੇ ਹੋਏ ਉਸ ਨੇ ਕਿਹਾ ਕਿ ਪਹਿਲੇ ਦਿਨ ਸ਼ੂਟਿੰਗ 'ਤੇ ਜਾਂਦੇ ਸਮੇਂ ਉਹ ਸੋਚ ਰਹੀ ਸੀ ਕਿ ਨਵੀਂ ਪੀੜ੍ਹੀ ਦੀ ਲੜਕੀ ਹੋਣ ਕਾਰਨ ਆਲੀਆ ਦਾ ਸੁਭਾਅ ਪਤਾ ਨਹੀਂ ਕਿਹੋ ਜਿਹਾ ਹੋਵੇਗਾ? ਜੇ ਉਹ ਗਰਮ ਮਿਜਾਜ ਨਿਕਲੀ ਤਾਂ ਕੰਮ ਕਿਵੇਂ ਹੋਵੇਗਾ? ਸੈੱਟ 'ਤੇ ਪਹੁੰਚਣ ਦੇ ਬਾਅਦ ਆਲੀਆ ਨੂੰ ਮਿਲ ਕੇ ਉਨ੍ਹਾਂ ਦੇ ਸਾਰੇ ਸ਼ੰਸ਼ੇ ਦੂਰ ਹੋ ਗਏ। ਉਨ੍ਹਾਂ ਨੇ ਕਿਹਾ ਕਿ ਆਲੀਆ ਜਿੰਨੀ ਸੁੰਦਰ ਹੈ, ਉਸ ਦੀ ਕਲਾ ਅਤੇ ਸੰਸਕਾਰ ਵੀ ਓਨੇ ਹੀ ਸੁੰਦਰ ਹਨ। ਸੈਟ 'ਤੇ ਪਹੁੰਚਦੇ ਹੀ ਆਲੀਆ ਨੇ ਉਨ੍ਹਾਂ ਨੂੰ ਸਨਮਾਨ ਦਿੰਦੇ ਹੋਏ ਬੜੇ ਪਿਆਰ ਨਾਲ ਗੱਲਾਂ ਕੀਤੀਆਂ। ਸੰਜੇ ਲੀਲਾ ਭੰਸਾਲੀ ਦਾ ਸ਼ੁਕਰੀਆ ਅਦਾ ਕਰਦੇ ਹੋਏ ਉਸ ਨੇ ਕਿਹਾ ਇੰਡਸਟਰੀ ਵਿੱਚ ਕਈ ਵਾਰ ਐਕਟਰ ਦੀ ਕਲਾ ਦੀ ਥਾਂ ਉਸ ਦਾ ਰੰਗ ਰੂਪ ਦੇਖ ਕੇ ਕਿਰਦਾਰ ਤੈਅ ਕੀਤਾ ਜਾਂਦਾ ਹੈ। ਉਨ੍ਹਾਂ ਨੂੰ ਹੈਰਾਨੀ ਹੈ ਕਿ ਸੰਜੇ ਲੀਲਾ ਭੰਸਾਲੀ ਨੇ ਇੰਨੇ ਅਲੱਗ ਕਿਰਦਾਰ ਦੇ ਲਈ ਉਨ੍ਹਾਂ ਦੀ ਚੋਣ ਕੀਤੀ। ਫਿਲਮ ‘ਫੇਰਾਰੀ ਕੀ ਸਵਾਰੀ’ ਵਿੱਚ ਜੀਪ ਚਲਾਉਣ ਤੇ ਗੁੱਡਿਆਂ ਨਾਲ ਗੱਲਾਂ ਕਰਨ ਪਿੱਛੋਂ ਉਹ ਖੁਦ ਡਰ ਗਈ ਸੀ ਕਿ ਨਿਰਦੇਸ਼ਕ ਉਨ੍ਹਾਂ ਨੂੰ ਦੋਬਾਰਾ ਮਾਂ ਦੇ ਕਿਰਦਾਰ ਦੇਣਗੇ ਜਾਂ ਨਹੀਂ। ‘ਗੰਗੂਬਾਈ ਕਾਠਿਆਵਾੜੀ’ ਵਿੱਚ ਆਲੀਆ ਦੇ ਨਾਲ ਅਜੈ ਦੇਵਗਨ ਅਤੇ ਇਮਰਾਨ ਹਾਸ਼ਮੀ ਮੁੱਖ ਭੂਮਿਕਾ ਵਿੱਚ ਹਨ।

## ਸੰਜੇ ਦੱਤ ਨੇ ਕਹਾਣੀ ਸੁਣੇ ਬਿਨਾਂ ਮੰਨ ਲਈ ‘ਪਰਿਣੀਤਾ’ : ਪ੍ਰਦੀਪ ਸਰਕਾਰ







ਵਿਦਿਆ ਬਾਲਨ ਅਭਿਨੀਤ ਫਿਲਮ ‘ਪਰਿਣੀਤਾ’ ਸਾਲ 2005 ਵਿੱਚ ਰਿਲੀਜ਼ ਹੋਈ ਸੀ। ਇਸ ਫਿਲਮ ਨੂੰ ਰਿਲੀਜ਼ ਹੋਇਆਂ ਪੰਦਰਾਂ ਸਾਲ ਹੋ ਗਏ ਹਨ। ਡਾਇਰੈਕਟਰ ਪ੍ਰਦੀਪ ਸਰਕਾਰ ਦੀ ਇਹ ਪਹਿਲੀ ਫਿਲਮ ਸੀ। ਇਸ ਨਾਲ ਜੁੜੀਆਂ ਯਾਦਾਂ ਸਾਂਝੀ ਕਰਦੇ ਹੋਏ ਪ੍ਰਦੀਪ ਦੱਸਦੇ ਹਨ, ‘ਪਰਿਣੀਤਾ' ਮੇਰੇ ਲਈ ਪਹਿਲੇ ਬੱਚੇ ਵਾਂਗ ਹੈ। ਇਸ ਫਿਲਮ ਦਾ ਮੇਰੇ ਦਿਲ ਵਿੱਚ ਹਮੇਸ਼ਾ ਖਾਸ ਸਥਾਨ ਰਹੇਗਾ। ਇੱਕ ਨਵੀਂ ਕਹਾਣੀ, ਨਵੇਂ ਡਾਇਰੈਕਟਰ ਅਤੇ ਨਵੀਂ ਹੀਰੋਇਨ ਦੇ ਨਾਲ ਇੱਕ ਸਫਲ ਫਿਲਮ ਬਣਾਉਣਾ ਮੁਸ਼ਕਲ ਲੱਗਦਾ ਸੀ। ਵਿਦਿਆ ਬਾਲਨ ਮੇਰੇ ਨਾਲ ਇਸ ਤੋਂ ਪਹਿਲਾਂ ਕਈ ਐਡ ਫਿਲਮਾਂ ਵਿੱਚ ਕੰਮ ਕਰ ਚੁੱਕੀ ਸੀ। ਉਸ ਦਾ ਕੰਮ ਮੈਂ ਦੇਖਿਆ ਸੀ। ਇਸ ਫਿਲਮ ਲਈ ਮੈਂ ਸਭ ਤੋਂ ਪਹਿਲਾਂ ਉਸ ਨੂੰ ਲੈਣ ਦਾ ਫੈਸਲਾ ਕੀਤਾ। ਫਿਲਮ ਹੋਵੇ ਜਾਂ ਐਡ, ਮੈਂ ਹਰੇਕ ਸੀਨ ਦਾ ਸਕੈਚ ਅਤੇ ਆਡੀਓਬੋਰਡ ਬਣਾ ਕੇ ਸ਼ੂਟਿੰਗ ਕਰਦਾ ਹਾਂ। ‘ਪਰਿਣੀਤਾ’ ਦੇ ਲਈ ਮੈਂ ਰੇਡੀਓ ਨਾਟਕ ਦੀ ਤਰ੍ਹਾਂ ਮਿਊਜ਼ਕ ਨਾਲ ਪੂਰੀ ਕਹਾਣੀ ਦਾ ਆਡੀਓਬੋਰਡ ਬਣਾਇਆ ਸੀ। ਇਹ ਆਡੀਓਬੋਰਡ ਸੈਫ ਅਲੀ ਖਾਨ ਨੂੰ ਬਹੁਤ ਪਸੰਦ ਆਇਆ। ਇਸ ਨੂੰ ਸੁਣ ਕੇ ਉਨ੍ਹਾਂ ਨੇ ਤੁਰੰਤ ਇਸ ਫਿਲਮ ਨੂੰ ਸਵੀਕਾਰ ਕਰ ਲਿਆ। ਸੰਜੇ ਦੱਤ ਨੂੰ ਵਿਧੂ ਵਿਨੋਦ ਚੋਪੜਾ ਨੇ ਫੋਨ ਕੀਤਾ ਸੀ। ਵਿਧੂ ਵਿਨੋਦ ਜੀ 'ਤੇ ਸੰਜੇ ਨੂੰ ਇੰਨਾ ਭਰੋਸਾ ਸੀ ਕਿ ਉਨ੍ਹਾਂ ਨੇ ਬਿਨਾਂ ਕਹਾਣੀ ਸੁਣੇ ਇਸ ਫਿਲਮ ਨੂੰ ਮੰਨ ਲਿਆ। ਫਿਲਮ ਵਿੱਚ ਮੇਰੇ ਨਾਲ ਆਰਟ ਡਾਇਰੈਕਟਰ ਅਤੇ ਡਿਜ਼ਾਈਨਰ ਵੀ ਨਵੇਂ ਸਨ। ਮੈਂ ਆਪਣੇ ਅਨੁਭਵਾਂ ਦੇ ਆਧਾਰ 'ਤੇ ਸੈੱਟ ਅਤੇ ਡਰੈਸ ਵਿੱਚ ਵੀ ਸੁਧਾਰ ਕਰਦਾ ਸੀ।

## ਸੀਕਵਲ ਦੀ ਹੱਕਦਾਰ ਹੈ ‘ਮੈਂ ਹੂੰ ਨਾ’ ਸੁਸ਼ਮਿਤਾ ਸੇਨ



‘ਦੋਸਤਾਨਾ-2’, ‘ਭੂਲ ਭੁਲੱਈਆਂ 2’ ਵਰਗੀਆਂ ਕਈ ਫਿਲਮਾਂ ਦੀ ਸੀਕਵਲ ਆਉਣ ਵਾਲੇ ਦਿਨਾਂ ਵਿੱਚ ਸਾਹਮਣੇ ਆਉਣਗੀਆਂ। ਅਭਿਨੇਤਰੀ ਸੁਸ਼ਮਿਤਾ ਸੇਨ ਚਾਹੁੰਦੀ ਹੈ ਕਿ ਉਨ੍ਹਾਂ ਦੀ ਫਿਲਮ ‘ਮੈਂ ਹੂੰ ਨਾ’ ਦਾ ਵੀ ਸੀਕਵਲ ਬਣੇ। ਸਾਲ 2004 ਵਿੱਚ ਰਿਲੀਜ਼ ਹੋਈ ਫਿਲਮ ‘ਮੈਂ ਹੂੰ ਨਾ’ ਫਰਾਹ ਖਾਨ ਦੀ ਬਤੌਰ ਡਾਇਰੈਕਟਰ ਅਤੇ ਸ਼ਾਹਰੁਖ ਦੇ ਪ੍ਰੋਡਕਸ਼ਨ ਰੈੱਡ ਚਿਲੀਜ਼ ਇੰਟਰਟੇਨਮੈਂਟ ਦੀ ਪਹਿਲੀ ਫਿਲਮ ਸੀ। ਸੁਸ਼ਮਿਤਾ ਦਾ ਕਹਿਣਾ ਹੈ, ‘‘ਮੈਂ ਇਸ ਫਿਲਮ ਦੇ ਸੀਕਵਲ ਦੇ ਲਈ ਫਰਾਹ 'ਤੇ ਦਬਾਅ ਪਾ ਰਹੀ ਹਾਂ। ਫਰਾਹ ਸ਼ਾਹਰੁਖ 'ਤੇ ਦਬਾਅ ਬਣਾ ਰਹੀ ਹੈ, ਪਰ ਸਭ ਕੁਝ ਸ਼ਾਹਰੁਖ 'ਤੇ ਨਿਰਭਰ ਕਰਦਾ ਹੈ। ਜੇ ਉਹ ਹਾਂ ਕਰ ਦੇਣ ਤਾਂ ਅਸੀਂ ਸੀਕਵਲ ਨੂੰ ਬਣਾਉਣ ਦੀ ਤਿਆਰੀ ਵਿੱਚ ਲੱਗ ਜਾਵਾਂਗੇ। ਇਹ ਫਿਲਮ ਅਜਿਹੀ ਹੈ, ਜੋ ਸੀਕਵਲ ਬਣਨ ਦੀ ਹੱਕਦਾਰ ਹੈ। ਮੇਰੇ ਕਰੀਅਰ ਦੀਆਂ ਸਭ ਤੋਂ ਖੂਬਸੂਰਤ ਫਿਲਮਾਂ ਵਿੱਚੋਂ ਇੱਕ ਹੈ।’’

